


ਭਗਤ ਪੂਰਨ ਸਿੰਘ, ਗੁਰਪ੍ਰੀਤ ਤੇ 'ਰੌਲ਼ਿਆਂ ਵੇਲੇ'
(ਆਖਰੀ ਸਫੇ 'ਤੇ)


# ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 8 ਮਾਰਚ 2026 | www.nawanzamana.in | ਕੀਮਤ 5.00 ਰੁਪਏ


*ਇਹ ਨੰਗੀਆਂ ਟਾਹਣੀਆਂ ਨੂੰ ਚਾਰ ਪੱਤ*
*ਪਹਿਨਣ ਨਹੀਂ ਦਿੰਦਾ*
*ਤੇ ਚੇਤਰ ਸਭ ਨੂੰ ਇੱਕੋ ਵਾਂਗ ਕਿਉਂ*
*ਮੌਲਣ ਨਹੀਂ ਦਿੰਦਾ।*
*ਨਜ਼ਰ ਸਭ ਵੇਖ ਕੇ ਪਹਿਲਾਂ ਤਰ੍ਹਾਂ ਸੁਪਨੇ*
*ਨਹੀਂ ਬੁਣਦੀ*
*ਅਤੇ ਮੈਂ ਦਿਲ ਵੀ ਪਹਿਲਾਂ ਵਾਂਗ*
*ਹੁਣ ਧੜਕਣ ਨਹੀਂ ਦਿੰਦਾ।*

**- ਦੀਪਕ ਧਲੇਵਾਂ**

# ਮੁਹੱਬਤ ਦੇ ਗਵਾਹ ਹਰਿਆਣਾ ਦੇ ਮਕਬਰੇ ਤੇ ਸਮਾਰਕ

ਮਕਬਰੇ ਤੇ ਸਮਾਰਕ ਮੁਹੱਬਤ ਦੀ ਨਿਸ਼ਾਨੀ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਲੋਕਾਈ ਸਮੇਂ-ਸਮੇਂ 'ਤੇ ਆਪਣਿਆਂ ਦੀ ਯਾਦ ਵਿਚ ਮਕਬਰੇ ਬਣਾ ਕੇ ਮੁਹੱਬਤ ਦਾ ਇਜ਼ਹਾਰ ਕਰਦੀ ਰਹੀ ਹੈ। ਦੇਸ਼ ਵਿਚ ਥਾਂ-ਥਾਂ ਬਣੇ ਮਕਬਰਿਆਂ ਵਿਚ ਕਈ ਇਸ ਤਰ੍ਹਾਂ ਦੇ ਵੀ ਹਨ, ਜਿਨ੍ਹਾਂ ਨੂੰ ਰਾਜਿਆਂ ਨੇ ਆਪਣੇ ਮਹਿਲਾਂ ਵਾਂਗ ਸ਼ਿੰਗਾਰਿਆ ਹੈ। ਆਪਣੇ ਮਹਿਲਾਂ ਵਾਂਗ ਰਾਜਿਆਂ ਨੇ ਮਕਬਰਿਆਂ ਨੂੰ ਬੇਸ਼ਕੀਮਤੀ ਪੱਥਰਾਂ ਨਾਲ ਬਣਾਇਆ ਹੈ। ਇਨ੍ਹਾਂ ਮਕਬਰਿਆਂ ਉੱਪਰ ਰਾਜਿਆਂ ਦੇ ਆਸ਼ਰਤ ਕਾਰੀਗਰਾਂ, ਸ਼ਿਲਪਕਾਰਾਂ ਤੇ ਸੁਲੇਖਕਾਂ ਨੇ ਵੀ ਕਲਾ ਦੇ ਜੌਹਰ ਵਿਖਾਏ ਹਨ। ਇਸ ਤਰ੍ਹਾਂ ਇਹ ਮਕਬਰੇ ਮੁਹੱਬਤ ਦੇ ਮੌਨ ਗਵਾਹ ਹੋਣ ਦੇ ਨਾਲ-ਨਾਲ ਆਪੋ-ਆਪਣੇ ਕਾਲ ਦੀ ਭਵਨ ਨਿਰਮਾਣ ਕਲਾ ਦੇ ਵੀ ਉੱਤਮ ਨਮੂਨੇ ਸਾਬਤ ਹੋਏ ਹਨ।

ਅੱਜ ਦਾ ਹਰਿਆਣਾ, ਦੇਸ਼ ਦੀ ਰਾਜਧਾਨੀ ਨਾਲ ਖਹਿੰਦਾ ਹੋਣ ਕਰਕੇ ਅਤੀਤ ਵਿਚ ਯੁੱਧਾਂ ਦਾ ਅਖਾੜਾ ਬਣਿਆ ਰਿਹਾ ਹੈ। ਇੱਥੇ ਹੀ ਹਿੰਦੁਸਤਾਨ ਦਾ ਇਤਿਹਾਸ ਬਦਲ ਦੇਣ ਵਾਲੀਆਂ ਲੜਾਈਆਂ ਲੜੀਆਂ ਗਈਆਂ ਹਨ। ਇੱਥੇ ਰਾਜਿਆਂ ਨੇ ਆਪਣੀ ਸੁਰੱਖਿਆ ਲਈ ਕਿਲ੍ਹੇ ਬਣਾਉਣ ਦੇ ਨਾਲ-ਨਾਲ ਸੂਫ਼ੀਆਂ-ਸੰਤਾਂ ਤੇ ਆਪਣਿਆਂ ਦੀ ਯਾਦ ਨੂੰ ਸਦੀਵੀ ਕਰਨ ਲਈ ਮਕਬਰੇ ਤੇ ਸਮਾਰਕ ਵੀ ਬਣਾਏ ਹਨ। ਜੇ ਕਿਹਾ ਜਾਵੇ ਕਿ ਹਰਿਆਣਾ ਦੇ ਚੱਪੇ-ਚੱਪੇ 'ਤੇ ਮਕਬਰੇ ਤੇ ਸਮਾਰਕ ਬਣੇ ਹੋਏ ਹਨ, ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਰਾਜੇ ਹਰਸ਼ ਦੀ ਰਾਜਧਾਨੀ ਥਾਨੇਸਰ ਵਿਖੇ ਸਥਿਤ ਸੇ ਚਿੱਲੀ ਦਾ ਮਕਬਰਾ ਵੀ ਮੁਹੱਬਤ ਦੀ ਨਿਸ਼ਾਨੀ ਹੋਣ ਦੇ ਨਾਲ-ਨਾਲ ਮੁਗ਼ਲ ਕਾਲ ਦੀ ਭਵਨ ਨਿਰਮਾਣ ਕਲਾ ਦਾ ਅਨੂਠਾ ਨਮੂਨਾ ਹੈ। ਥਾਨੇਸਰ ਵਿਖੇ ਸੂਫ਼ੀ ਫ਼ਕੀਰ ਸੇ ਚਿੱਲੀ ਦੀ ਯਾਦ ਵਿਚ ਬਣੇ ਇਸ ਮਕਬਰੇ ਪਿੱਛੇ ਮੁਹੱਬਤ ਦਾ ਰੌਚਕ ਇਤਿਹਾਸ ਹੈ। ਆਮ


## ਇਕਬਾਲ ਸਿੰਘ ਹਮਜਾਪੁਰ


ਲੋਕਾਈ ਦੀ ਨਜ਼ਰ ਇਹ ਮਕਬਰਾ ਮੂਰਖਤਾ ਲਈ ਪ੍ਰਸਿੱਧ ਤੇ ਫੜ੍ਹਾਂ ਮਾਰਨ ਵਾਲੇ ਸੇ ਚਿੱਲੀ ਦੀ ਯਾਦ ਵਿਚ ਬਣਿਆ ਹੋਇਆ ਹੈ, ਪਰ ਅਸਲੀਅਤ ਕੁਝ ਹੋਰ ਹੈ। ਇਹ ਮਕਬਰਾ ਸੂਫ਼ੀ ਮੱਤ ਦੇ ਪ੍ਰਸਿੱਧ ਸੰਤ ਸ਼ੇਖ ਚਿੱਲੀ ਦਾ ਹੈ, ਨਾ ਕਿ ਮੂਰਖ ਸੇ ਚਿੱਲੀ ਦਾ।

ਸੇ ਚਿੱਲੀ, ਜਿਸ ਨੂੰ ਅਬਦੁਲ ਰਹੀਮ ਤੇ ਅਬਦੁਲ ਕਰੀਮ ਵੀ ਕਿਹਾ ਜਾਂਦਾ ਹੈ, ਈਰਾਨ ਦਾ ਰਹਿਣ ਵਾਲਾ ਸੀ। ਸੇ ਚਿੱਲੀ, ਥਾਨੇਸਰ ਵਿਖੇ ਚਿਸ਼ਤੀ ਸੰਪਰਦਾਇ ਦੇ ਫ਼ਕੀਰ ਸੇ ਜਲਾਲੁਦੀਨ ਦੀ ਸ਼ੋਹਰਤ ਸੁਣ ਕੇ ਉਸ ਨੂੰ ਮਿਲਣ ਆਇਆ ਸੀ। ਸ਼ੇਖ ਜਲਾਲੁਦੀਨ ਪਹੁੰਚਿਆ ਹੋਇਆ ਫ਼ਕੀਰ ਸੀ। ਕਹਿੰਦੇ ਹਨ ਕਿ ਜਲਾਲੁਦੀਨ ਦੀ ਵਿਦਵਤਾ ਤੋਂ ਪ੍ਰਭਾਵਿਤ ਹੋ ਕੇ ਇਕ ਵਾਰ ਬਾਦਸ਼ਾਹ ਅਕਬਰ ਵੀ ਫ਼ਕੀਰ ਬਣਨ ਲਈ ਤਿਆਰ ਹੋ ਗਿਆ ਸੀ।

ਸੇ ਜਲਾਲੁਦੀਨ ਕੋਲ ਆ ਕੇ ਸੇ ਚਿੱਲੀ ਥਾਨੇਸਰ ਵਿਖੇ ਹੀ ਪਰਲੋਕ ਸਿਧਾਰ ਗਿਆ ਸੀ ਤੇ ਇੱਥੇ ਹੀ ਉਸ ਨੂੰ ਦਫ਼ਨਾ ਦਿੱਤਾ ਗਿਆ ਸੀ। ਬਾਅਦ ਵਿਚ ਮੁਗ਼ਲ ਬਾਦਸ਼ਾਹ ਸ਼ਾਹਜਹਾਨ ਨੇ ਸੇ ਚਿੱਲੀ ਦੀ ਯਾਦ ਵਿਚ ਇੱਥੇ ਮਕਬਰੇ ਦਾ ਨਿਰਮਾਣ ਕਰਵਾਇਆ ਸੀ। ਕਈ ਵਿਦਵਾਨ ਇਸ ਨੂੰ 1650 ਈਸਵੀ ਵਿਚ ਦਾਰਾ ਸ਼ਿਕੋਹ ਦੁਆਰਾ ਬਣਵਾਇਆ ਮੰਨਦੇ ਹਨ। ਇਹ ਵੀ ਮੰਨਿਆ ਜਾਂਦਾ ਹੈ ਕਿ ਸੇ ਅਬਦੁਲ ਰਹੀਮ ਉਰਫ਼ ਸੇ ਚਿੱਲੀ, ਦਾਰਾ ਸ਼ਿਕੋਹ ਦਾ ਅਧਿਆਤਮਕ ਗੁਰੂ ਸੀ। ਦਾਰਾ ਸ਼ਿਕੋਹ ਨੇ ਇਸ ਮਕਬਰੇ ਦਾ ਨਿਰਮਾਣ ਕਰਕੇ ਆਪਣੇ ਗੁਰੂ ਪ੍ਰਤੀ ਮੁਹੱਬਤ ਦਾ ਇਜ਼ਹਾਰ ਕੀਤਾ ਸੀ, ਪਰ ਇਸ ਮਕਬਰੇ ਦੀ ਭਵਨ ਨਿਰਮਾਣ ਸ਼ੈਲੀ ਵੇਖ ਕੇ ਇਸ ਨੂੰ ਸ਼ਾਹਜਹਾਨ ਕਾਲ ਦਾ ਹੀ ਸਵੀਕਾਰ ਕਰਨਾ ਬਣਦਾ ਹੈ। ਤਾਜਮਹੱਲ ਵਾਂਗ ਸ਼ਾਹਜਹਾਨ ਨੇ ਸੇਖ਼ ਚਿੱਲੀ ਦੇ ਇਸ ਮਕਬਰੇ ਨੂੰ ਵੀ ਰੀਝ ਨਾਲ ਬਣਵਾਇਆ ਸੀ। ਇਸ ਮਕਬਰੇ ਦੀ ਸ਼ੋਭਾ ਵੇਖਦਿਆਂ ਜੇਕਰ ਇਸ ਨੂੰ ਹਰਿਆਣੇ ਦਾ ਤਾਜ ਕਹਿ ਦਿੱਤਾ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।



ਮਹੇਮ ਦੀ ਸਮਾਰਕ

ਸ਼ਾਹਜਹਾਨ ਨੇ ਉਸ ਵਕਤ ਇਸ ਮਕਬਰੇ ਨੂੰ ਆਗਰਾ-ਲਾਹੌਰ, ਸ਼ੇਰਸ਼ਾਹ ਸੂਰੀ ਮਾਰਗ ਉਪਰ ਬਣਵਾਇਆ ਸੀ। ਬਾਅਦ ਵਿਚ ਸ਼ੇਰਸ਼ਾਹ ਸੂਰੀ ਮਾਰਗ ਦੀ ਮੁਰੰਮਤ ਕਰਦਿਆਂ ਇਸ ਨੂੰ ਕੁਝ ਸਿੱਧਾ ਕਰ ਦਿੱਤਾ ਗਿਆ। ਇਸ ਤਰ੍ਹਾਂ ਮਕਬਰਾ ਸੇ ਚਿੱਲੀ, ਸੇ ਸੂਰੀ ਮਾਰਗ ਤੋਂ ਕੁਝ ਹਟਵਾਂ ਹੋ ਗਿਆ।

ਸਥਾਨੇਸ਼ਵਰ ਭਾਵ ਥਾਨੇਸਰ ਵਿਖੇ ਸਥਾਨੇਸ਼ਵਰ ਮੰਦਰ ਦੇ ਨਜ਼ਦੀਕ ਸੇ ਚਿੱਲੀ ਦਾ ਮਕਬਰਾ ਰਾਜਿਆਂ-ਮਹਾਰਾਜਿਆਂ ਦੇ ਮਹਿਲ ਨਾਲੋਂ ਕਿਸੇ ਪਾਸਿਓਂ ਵੀ ਘੱਟ ਨਹੀਂ ਹੈ। ਭਿੰਨ-ਭਿੰਨ ਤਰ੍ਹਾਂ ਦੇ ਪੱਥਰ, ਸੰਗਮਰਮਰ ਤੇ ਲਖੌਰੀ ਇੱਟਾਂ ਨਾਲ ਬਣੇ ਇਸ ਮਕਬਰੇ ਉਤੇ ਅੱਖ ਨਹੀਂ ਟਿਕਦੀ। ਮਹੱਲਾਂ ਵਾਂਗ ਇਸ ਮਕਬਰੇ ਨੂੰ ਜ਼ਮੀਨ ਤੋਂ ਕੁਝ ਉੱਚਾ ਚੁੱਕ ਕੇ ਬਣਾਇਆ ਗਿਆ ਹੈ ਤੇ ਸੁਰੱਖਿਆ ਦਾ ਹਰ ਪਾਸਿਓਂ ਧਿਆਨ ਰੱਖਿਆ ਗਿਆ ਹੈ। ਮਕਬਰੇ ਦੇ ਵਿਚਕਾਰ ਕਰਕੇ ਤਲਾਬ ਤੇ ਪਾਰਕ ਬਣਿਆ ਹੋਇਆ ਹੈ। ਮਹਿਰਾਬਦਾਰ ਇਸ ਮਕਬਰੇ ਦਾ ਹੇਠਲਾ ਹਿੱਸਾ ਚੂਨੇ ਤੇ ਸੁਰਖੀ ਨਾਲ ਲਖੌਰੀ ਇੱਟਾਂ ਦੀ ਚਿਣਾਈ ਕਰਕੇ ਬਣਾਇਆ ਗਿਆ ਹੈ। ਮਕਬਰੇ ਉੱਪਰ ਵੱਡਾ ਗੁੰਬਦ ਤੇ ਰੰਗ-ਬਿਰੰਗੀਆਂ ਬਾਰਾਂ ਛਤਰੀਆਂ ਮਕਬਰੇ ਦੀ ਸ਼ੋਭਾ ਨੂੰ ਚਾਰ ਚੰਨ੍ਹ ਲਾਉਂਦੀਆਂ ਹਨ।


ਭੂਰੇ ਤੇ ਸਫੈਦ ਪੱਥਰ ਨਾਲ ਬਣਿਆ ਮਕਬਰੇ ਦਾ ਗੁੰਬਦ ਅਸ਼ਟਭੁਜਾਕਾਰ ਧਰਾਤਲ 'ਤੇ ਟਿਕਿਆ ਹੋਇਆ ਹੈ। ਉਪਰ ਜਾ ਕੇ ਧਰਾਤਲ ਵਾਂਗ ਹੀ ਅਸ਼ਟਭੁਜਾਕਾਰ ਛੱਜਾ ਬਣਾਇਆ ਗਿਆ ਹੈ। ਇਸ ਛੱਜੇ ਉਪਰ ਪੱਥਰ ਕੱਟ-ਕੱਟ ਕੇ ਵੇਲ ਦੇ ਅਕਾਰ ਦੀ ਵਾੜ ਬਣਾਈ ਗਈ ਹੈ ਤੇ ਇਸ ਮਨਮੋਹਕ ਵਾੜ ਵਿਚ ਅੱਠ ਮੀਨਾਰਾਂ ਹਨ। ਇਨ੍ਹਾਂ ਮੀਨਾਰਾਂ ਦਾ ਉਪਰੀ ਸਿਰਾਂ ਫੁੱਲ ਦੇ ਅਕਾਰ ਦਾ ਹੈ। ਫੁੱਲ ਤੋਂ ਉਪਰ ਇਹ ਮੀਨਾਰਾਂ ਤ੍ਰਿਸ਼ੂਲ ਵਾਂਗ ਸਿੱਧੀਆਂ ਤੇ ਤਿੱਖੀਆਂ ਹਨ। ਇਸ ਮਕਬਰੇ ਵਿਚ ਥਾਂ-ਥਾਂ ਬਣੇ ਆਲਿਆਂ ਵਿਚ ਕੁਰਾਨ ਦੀਆਂ ਆਇਤਾਂ ਅੰਕਿਤ ਹਨ। ਮਕਬਰਾ ਸ਼ੇਖ ਚਿੱਲੀ ਦੇ ਹੇਠਲੇ ਹਿੱਸੇ ਵਿਚ ਸ਼ੇਖ ਚਿੱਲੀ ਦੀ ਮਜ਼ਾਰ ਬਣੀ ਹੋਈ ਹੈ। ਸੇ ਚਿੱਲੀ ਦੀ ਮਜ਼ਾਰ ਦੇ ਬਿਲਕੁਲ ਸਾਹਮਣੇ ਵਾਲੀ ਇਮਾਰਤ ਵਿਚ ਅਜਾਇਬਘਰ ਬਣਾਇਆ ਗਿਆ ਹੈ। ਇਸ ਅਜਾਇਬਘਰ ਵਿਚ ਰਾਜਾ ਹਰਸ਼ਵਰਧਨ ਕਾਲ ਤੇ ਪਿੰਡ ਭਗਵਾਨਪੁਰਾ ਦੇ ਥੇਹ ਵਿੱਚੋਂ ਪ੍ਰਾਪਤ ਵਸਤਾਂ ਨੂੰ ਸੰਭਾਲਿਆ ਗਿਆ ਹੈ। ਵਰਧਨਕਾਲ, ਉੱਤਰ ਗੁਪਤ ਕਾਲ, ਰਾਜਪੂਤ ਕਾਲ, ਸਲਤਨਤ ਕਾਲ ਤੇ ਮੁਗ਼ਲ ਕਾਲ ਦੇ ਮਿੱਟੀ ਦੇ ਭਾਂਡੇ, ਖਿਡੌਣੇ, ਮੂਰਤੀਆਂ, ਸਿੱਕੇ, ਮਣਕੇ ਤੇ ਸ਼ਿੰਗਾਰ ਦਾ ਸਾਮਾਨ ਇਸ ਅਜਾਇਬਘਰ ਵਿਚ ਸੁਸ਼ੋਭਿਤ ਹਨ। ਦਰਸ਼ਕ ਟਿਕਟ ਲੈ ਕੇ ਸਵੇਰੇ ਦਸ ਵਜੇ ਤੋਂ ਸ਼ਾਮ ਪੰਜ ਵਜੇ ਤੱਕ ਇਨ੍ਹਾਂ ਪ੍ਰਾਚੀਨ ਵਸਤਾਂ ਦੇ ਰੂਬਰੂ ਹੋ ਸਕਦੇ ਹਨ।

ਹਰਿਆਣੇ ਦਾ ਸ਼ਹਿਰ ਫ਼ਤਿਆਬਾਦ, ਫ਼ਿਰੋਜ਼ਸ਼ਾਹ ਤੁਗਲਕ ਨੇ ਵਸਾਇਆ ਸੀ। ਜਿੱਥੇ ਅੱਜ ਫ਼ਤਿਆਬਾਦ ਵਸਿਆ ਹੋਇਆ ਹੈ, ਉਥੇ ਤੁਗਲਕ ਕਾਲ ਤੋਂ ਪਹਿਲਾਂ ਸੰਘਣਾ ਜੰਗਲ ਹੁੰਦਾ ਸੀ। ਇਸ ਸੰਘਣੇ ਜੰਗਲ ਵਿਚ ਭਾਂਤ-ਭਾਂਤ ਦੇ ਜੰਗਲੀ ਜਾਨਵਰ ਮਿਲਦੇ ਸਨ। ਇਹ ਜੰਗਲ ਸ਼ਾਹੀ ਘਰਾਣਿਆਂ ਦੀ ਮਨਪਸੰਦ ਸੈਰਗਾਹ ਤੇ ਸ਼ਿਕਾਰਗਾਹ ਸੀ। 1351 ਈਸਵੀ ਵਿਚ ਫ਼ਿਰੋਜ਼ਸ਼ਾਹ ਤੁਗਲਕ ਵੀ ਸਿੰਧ ਵੱਲੋਂ ਦਿੱਲੀ ਨੂੰ ਜਾਂਦਿਆਂ ਇੱਥੇ ਰੁਕਿਆ ਸੀ। ਇੱਥੇ ਪੜਾਅ ਕਰਨ ਵੇਲੇ ਫ਼ਿਰੋਜ਼ਸ਼ਾਹ ਨੂੰ ਸੂਚਨਾ ਮਿਲੀ ਸੀ ਕਿ ਉਸ ਦੇ ਸੈਨਿਕਾਂ ਨੇ ਵਿਦਰੋਹੀਆਂ ਦੇ ਕੁਝ ਟਿਕਾਣੇ ਫ਼ਤਿਹ ਕਰ ਲਏ ਹਨ। ਇੱਥੇ ਹੀ ਫ਼ਿਰੋਜ਼ਸ਼ਾਹ ਨੂੰ ਪੁੱਤਰ ਰਤਨ ਪ੍ਰਾਪਤ ਹੋਣ ਦੀ ਖੁਸ਼ਖ਼ਬਰੀ ਮਿਲੀ ਸੀ। ਦੋਹਰੀ ਖੁਸ਼ੀ ਕਾਰਨ ਇਸ ਥਾਂ 'ਤੇ ਫ਼ਿਰੋਜ਼ਸ਼ਾਹ ਨੇ ਫ਼ਤਿਹ ਜਸ਼ਨ ਮਨਾਇਆ ਸੀ ਤੇ ਇੱਥੇ ਫ਼ਿਰੋਜ਼ਸ਼ਾਹੀ ਲਾਟ ਸਥਾਪਤ ਕੀਤੀ ਸੀ। ਉਸ ਨੇ ਲਾਟ ਦੇ ਕੋਲ ਇਕ ਫ਼ਕੀਰ ਦੀ ਯਾਦ ਵਿਚ ਸਮਾਰਕ ਵੀ ਬਣਾਇਆ ਸੀ। ਕਿਲ੍ਹਿਆਂ ਵਰਗੀਆਂ ਚੌੜੀਆਂ ਕੰਧਾਂ ਵਾਲਾ ਇਹ ਸਮਾਰਕ ਰਜਵਾੜਿਆਂ ਦੀ ਜ਼ਿੰਦਾਦਿਲੀ ਦਾ ਮੌਨ ਗਵਾਹ ਹੈ। ਸਮਾਰਕ ਦਾ ਲਾਟੂ ਦੇ ਅਕਾਰ ਦਾ ਗੁੰਬਦ ਬੇਹਸ ਆਕ੍ਰਸ਼ਕ ਹੈ। ਇਹ ਸਮਾਰਕ ਪੁਰਾਤੱਤਵ ਵਿਭਾਗ ਅਧੀਨ ਸੁਰੱਖਿਅਤ ਹੈ।



ਹਾਂਸੀ ਦੀ ਸਮਾਰਕ

ਨਾਰਨੌਲ ਦੀਆਂ ਇਤਿਹਾਸਕ ਇਮਾਰਤਾਂ ਵਿੱਚੋਂ ਪ੍ਰਮੁੱਖ ਹੈ- ਇਬਰਾਹਿਮ ਸੂਰੀ ਦਾ ਮਕਬਰਾ। ਇਹ ਮਕਬਰਾ ਸ਼ੇਰਸ਼ਾਹ ਸੂਰੀ ਨੇ ਆਪਣੇ ਦਾਦਾ ਇਬਰਾਹਿਮ ਸੂਰੀ ਦੀ ਯਾਦ ਵਿਚ ਉਸ ਦੀ ਕਬਰ ਉੱਪਰ ਬਣਾਇਆ ਸੀ। ਨਾਰਨੌਲ ਵਿਖੇ ਹੀ 1518 ਈਸਵੀ ਵਿਚ ਇਬਰਾਹਿਮ ਸੂਰੀ ਦੀ ਮੌਤ ਹੋਈ ਸੀ। ਸ਼ੇਰਸ਼ਾਹ ਸੂਰੀ ਨੇ ਆਪਣੇ ਸਮੇਂ ਵਿਚ ਹੋਰ ਵੀ ਕਈ ਸਰਾਵਾਂ, ਖੂਹ ਤੇ ਬਾਉਲੀਆਂ ਬਣਵਾਈਆਂ ਸਨ। ਇਨ੍ਹਾਂ ਇਮਾਰਤਾਂ ਵਿੱਚੋਂ ਸਭ ਤੋਂ ਵੱਧ ਰੀਝ ਨਾਲ ਸੂਰੀ ਨੇ ਆਪਣੇ ਦਾਦਾ ਦਾ ਮਕਬਰਾ ਬਣਾਇਆ ਸੀ। ਇਸ ਮਕਬਰੇ ਨੂੰ ਡਿਜ਼ਾਇਨ ਸ਼ੇਰਸ਼ਾਹ ਸੂਰੀ ਦੇ ਨਿੱਜੀ ਵਾਸਤੂਕਾਰ ਅਹਿਮਦ ਨਿਆਜ਼ੀ ਨੇ ਕੀਤਾ ਸੀ। ਇਹ ਮਕਬਰਾ ਪਠਾਨ ਸ਼ੈਲੀ ਵਿਚ ਵਰਗਾਕਾਰ ਬਣਿਆ ਹੋਇਆ ਹੈ। ਹੋਰਨਾਂ ਮਕਬਰਿਆਂ ਨਾਲੋਂ ਇਸ ਮਕਬਰੇ ਦੀ ਵਿਲੱਖਣਤਾ ਇਹ ਹੈ ਕਿ ਇਸ ਦਾ ਅਗਲਾ ਭਾਗ ਦੋ ਮੰਜ਼ਲਾ ਹੈ। ਇਸ ਦਾ ਗੁੰਬਦ ਵੀ ਵਧੇਰੇ ਬੈਠਵਾਂ ਹੈ। ਇਸ ਮਕਬਰੇ ਦੀਆਂ ਨੁੱਕਰਾਂ ਉੱਪਰ ਪੱਥਰਾਂ ਨੂੰ ਤਰਾਸ਼ ਕੇ ਮਨਮੋਹਕ ਛਤਰੀਆਂ ਬਣਾਈਆਂ ਗਈਆਂ ਹਨ। ਪੱਥਰਾਂ ਨੂੰ ਹੀ ਕੱਟ ਕੇ ਤੇ ਤਰਾਸ਼ ਕੇ ਮਕਬਰੇ ਲਈ ਕਈ ਤਰ੍ਹਾਂ ਦੀਆਂ ਫੁੱਲ-ਪੱਤੀਆਂ ਬਣਾਈਆਂ ਗਈਆਂ ਹਨ। ਮਕਬਰੇ ਦੇ ਅੰਦਰ ਛੱਤ ਉੱਪਰ ਕੀਤੀ ਗਈ ਚਿੱਤਰਕਾਰੀ ਵੀ ਵੇਖਣ ਵਾਲੀ ਹੈ। ਮਕਬਰੇ ਦੇ ਕੁਝ ਹਿੱਸਿਆਂ ਉਪਰਲੀ ਗੁੰਝਲਦਾਰ ਨੱਕਾਸੀ, ਹਿੰਦੂ ਮੰਦਰਾਂ ਦੀ ਨਕਲ ਹੈ।



ਮਕਬਰਾ ਸ਼ੇਖ ਚਿੱਲੀ ਥਾਨੇਸਰ

ਬਾਦਸ਼ਾਹ ਅਕਬਰ ਦੇ ਰਾਜ ਦੌਰਾਨ ਨਾਰਨੌਲ ਦੇ ਗਵਰਨਰ ਸ਼ਾਹ ਕੁਲੀ ਖ਼ਾਨ ਨੇ ਆਪਣੇ ਪਿਤਾ ਦੀ ਯਾਦ ਵਿਚ ਵੀ ਇਕ ਮਕਬਰਾ ਬਣਵਾਇਆ ਸੀ। ਸ਼ਾਹ ਕੁਲੀ ਖ਼ਾਨ ਦੀ ਮੌਤ ਤੋਂ ਬਾਅਦ ਉਸ ਨੂੰ ਵੀ ਇਸੇ ਮਕਬਰੇ ਕੋਲ ਦਫਨਾਇਆ ਗਿਆ ਸੀ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਸ਼ਾਹ ਕੁਲੀ ਖਾਨ ਨੇ ਜਿਉਂਦਿਆਂ ਹੀ ਆਪਣੇ ਲਈ ਕਲਾਤਮਿਕ ਮਕਬਰਾ ਬਣਾ ਲਿਆ ਸੀ। ਇਹ ਮਕਬਰਾ ਅੱਜ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਇਸ ਮਕਬਰੇ ਨੂੰ ਬਣਾਉਣ ਲਈ ਸਲੇਟੀ ਤੇ ਲਾਲ ਰੇਤਲੇ ਪੱਥਰ ਦੀ ਵਰਤੋਂ ਕੀਤੀ ਗਈ ਹੈ।

ਨਾਰਨੌਲ ਵਿਖੇ ਇਕ ਮਕਬਰਾ ਅਕਬਰ ਨੇ ਵੀ ਬਣਵਾਇਆ ਸੀ। ਲੋਕਾਈ ਦਾ ਮੰਨਣਾ ਹੈ ਕਿ ਅਕਬਰ ਅਜਮੇਰ ਜਾਂਦੇ ਵਕਤ ਰਾਹ ਵਿਚ ਇਕ ਸੂਫ਼ੀ ਸੰਤ ਕੋਲ ਠਹਿਰਦਾ ਸੀ। ਇਸ ਸੰਤ ਦੀ ਯਾਦ ਵਿਚ ਅਕਬਰ ਨੇ ਮਕਬਰਾ ਬਣਵਾਇਆ ਸੀ। ਮਕਬਰੇ ਦੇ ਦਰਵਾਜ਼ੇ 'ਤੇ ਲੱਗੇ ਸ਼ਿਲਾਲੇਖ ਅਨੁਸਾਰ ਸੰਤ ਦੀ ਮੌਤ 1589 ਈਸਵੀ ਵਿਚ ਹੋਈ ਸੀ।

ਤੇਰ੍ਹਵੀਂ ਸਦੀ ਵਿਚ ਕੈਥਲ ਵਿਖੇ ਰਜ਼ੀਆ ਸੁਲਤਾਨ ਦਾ ਦੇਹਾਂਤ ਹੋਇਆ ਸੀ। ਰਜ਼ੀਆ ਸੁਲਤਾਨ ਦੀ ਯਾਦ ਵਿਚ ਸ਼ਹਿਰ ਦੇ ਉੱਤਰ ਪੱਛਮ ਵਿਚ ਇਕ ਖਸਤਾਹਾਲ ਮਕਬਰਾ ਸਥਿਤ ਹੈ। ਇਤਿਹਾਸਕਾਰਾਂ ਦਾ ਮੰਨਣਾ ਹੈ ਕਿ ਇਸ ਮਕਬਰੇ ਵਾਲੀ ਥਾਂ 'ਤੇ ਰਜ਼ੀਆ ਸੁਲਤਾਨ ਨੂੰ ਦਫ਼ਨਾਇਆ ਗਿਆ ਸੀ।

ਤਿੰਨ ਭਰਾ ਹੋਣ ਦੇ ਬਾਵਜੂਦ ਰਜ਼ੀਆ ਆਪਣੇ ਪਿਤਾ ਇਲਤੁਮਿਸ਼ ਦੀ ਉਤਰਾਧਿਕਾਰੀ ਬਣੀ ਸੀ। ਉਸ ਨੂੰ ਦਿੱਲੀ ਦੇ ਤਖ਼ਤ ਦੀ ਪਹਿਲੀ ਮਹਿਲੀ ਸ਼ਾਸਕ ਹੋਣ ਦਾ ਮਾਣ ਹਾਸਲ ਹੈ। ਸਿਰਫ਼ ਮਹਿਲਾ ਸ਼ਾਸਕ ਹੋਣ ਕਰਕੇ ਹੀ ਨਹੀਂ, ਉਸ ਨੂੰ ਦਾਸ ਵੰਸ਼ ਵਿਚ ਪੈਦਾ ਹੋਣ ਕਰਕੇ ਵੀ ਯਾਦ ਕੀਤਾ ਜਾਂਦਾ ਹੈ। ਦਰਅਸਲ ਉਸ ਦਾ ਪਿਤਾ ਇਲਤੁਮਿਸ਼, ਕੁਤੁਬ-ਉਦ-ਦੀਨ ਐਬਕ ਦਾ ਦਾਸ ਸੀ। ਉਹ ਆਪਣੀ ਲਿਆਕਤ, ਯੋਗਤਾ ਤੇ ਮਿਹਨਤ ਸਦਕਾ ਕੁਤੁਬ-ਉਦ-ਦੀਨ ਦੇ ਦੇਹਾਂਤ ਤੋਂ ਬਾਅਦ ਦਿੱਲੀ ਦੇ ਤਖ਼ਤ 'ਤੇ ਬੈਠਾ ਸੀ।

ਇਕ ਸਫਲ ਪ੍ਰਸ਼ਾਸਕ, ਯੁੱਧ ਨੀਤੀ ਤੇ ਕੋਮਲ ਕਲਾਵਾਂ ਦੀ ਗਿਆਤਾ ਰਜ਼ੀਆ ਸੁਲਤਾਨ ਨੂੰ ਭਾਵੇਂ ਇਲਤੁਮਿਸ਼ ਨੇ ਆਪਣਾ ਉਤਰਾਧਿਕਾਰੀ ਐਲਾਨਿਆ ਸੀ, ਪਰ ਉਸ ਦੇ ਭਰਾ ਰੁਕਨ-ਉਦ-ਦੀਨ ਨੂੰ ਇਹ ਸਵੀਕਾਰ ਨਹੀਂ ਸੀ। 30 ਅਪਰੈਲ 1236 ਨੂੰ ਇਲਤੁਮਿਸ਼ ਦੀ ਮੌਤ ਤੋਂ ਬਾਅਦ ਰੁਕਨ-ਉਦ-ਦੀਨ ਗੱਦੀ 'ਤੇ ਬੈਠਾ ਸੀ, ਪਰ ਅਕੁਸ਼ਲ ਪ੍ਰਸ਼ਾਸਕ ਤੇ ਵਿਲਾਸੀ ਰੁਕਨ-ਉਦ-ਦੀਨ ਦੀ 9 ਨਵੰਬਰ 1236 ਨੂੰ ਮੌਤ ਹੋ ਗਈ ਸੀ। ਉਸ ਦੀ ਮੌਤ ਤੋਂ ਬਾਅਦ ਰਜ਼ੀਆ 10 ਨਵੰਬਰ 1236 ਨੂੰ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਈ। ਰਜ਼ੀਆ ਨੇ ਆਪਣੇ ਸਾਮਰਾਜ ਦਾ ਵਿਸਥਾਰ ਕਰਨ ਦੇ ਨਾਲ-ਨਾਲ ਸਮਾਜ ਸੁਧਾਰ ਲਈ ਵੀ ਕੰਮ ਕੀਤੇ ਸਨ। ਉਸ ਨੇ ਆਮ ਲੋਕਾਈ ਲਈ ਮੁਢਲੀਆਂ ਸਹੂਲਤਾਂ ਦਾ ਵਿਸਥਾਰ ਕੀਤਾ ਸੀ। ਰਜ਼ੀਆ ਨੇ ਦਿੱਲੀ ਦੇ ਤਖ਼ਤ ਲਈ ਇਕ ਨਵੀਂ ਪਿਰਤ ਪਾਈ ਸੀ। ਜਿਸ ਦੌਰ ਵਿਚ ਔਰਤ ਨੂੰ ਪਰਦੇ ਵਿਚ ਕੈਦ ਰੱਖਿਆ ਜਾਂਦਾ ਸੀ। ਉਸ ਨੂੰ ਸਿਰਫ਼ ਦਾਸੀ ਸਮਝਿਆ ਜਾਂਦਾ ਸੀ, ਉਦੋਂ ਰਜ਼ੀਆ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਈ ਸੀ।

ਇਕ ਮਹਿਲਾ ਦਾ ਦਿੱਲੀ ਦੇ ਤਖ਼ਤ 'ਤੇ ਬਿਰਾਜਮਾਨ ਹੋਣਾ ਤੁਰਕਾਂ ਨੂੰ ਪਸੰਦ ਨਹੀਂ ਸੀ। ਬਠਿੰਡੇ ਦੇ ਗਵਰਨਰ ਅਲਤੂਨੀਆ ਦੀ ਅਗਵਾਈ ਵਿਚ ਤੁਰਕਾਂ ਨੇ ਰਜ਼ੀਆ ਖਿਲਾਫ਼ ਬਗਾਵਤ ਕਰ ਦਿੱਤੀ ਸੀ। ਉਹ ਰਜ਼ੀਆ ਨਾਲ ਨਿਕਾਹ ਕਰਵਾਉਣਾ ਚਾਹੁੰਦਾ ਸੀ। 1240 ਵਿਚ ਹਾਰ ਦਾ ਮੂੰਹ ਵੇਖਣ ਤੋਂ ਬਾਅਦ ਰਜ਼ੀਆ ਨੂੰ ਬਠਿੰਡੇ ਦੇ ਕਿਲ੍ਹੇ ਵਿਚ ਕੈਦ ਕਰ ਲਿਆ ਗਿਆ। ਆਖਰ ਅਲਤੂਨੀਆ ਦਾ ਪਿਆਰ ਜਿੱਤ ਗਿਆ ਤੇ ਰਜ਼ੀਆ ਨੇ ਉਸ ਨਾਲ ਨਿਕਾਹ ਕਰਵਾ ਲਿਆ। ਰਜ਼ੀਆ ਦੇ ਭਰਾ ਮੁਇਜ਼-ਉਦ-ਦੀਨ ਬਹਿਰਾਮ ਨੇ ਤਖ਼ਤ ਪਲਟਾ ਕਰ ਦਿੱਤਾ ਤਾਂ ਉਸ ਨੇ ਅਲਤੂਨੀਆ ਸਮੇਤ ਦਿੱਲੀ ਵੱਲ ਕੂਚ ਕੀਤਾ। ਕੂਚ ਕਰਨ ਵੇਲੇ ਕੈਥਲ ਕੋਲ ਜਾਟਾਂ ਨੇ ਉਨ੍ਹਾਂ ਨੂੰ ਲੁੱਟ ਲਿਆ ਤੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ।

ਕੈਥਲ ਦੇ ਬਾਹਰਵਾਰ ਰਜ਼ੀਆ ਨੂੰ ਦਫਨਾਇਆ ਗਿਆ ਸੀ। ਦਾਸ ਵੰਸ਼ ਦੇ ਸੁਲਤਾਨ ਨਸੀਰੂਦੀਨ ਮਹਿਮੂਦ ਨੇ ਉਸ ਥਾਂ ਰਜ਼ੀਆ ਦੀ ਯਾਦ ਵਿਚ ਇਕ ਮਕਬਰਾ ਬਣਵਾਇਆ ਸੀ। ਕਿਹਾ ਜਾਂਦਾ ਹੈ ਕਿ ਸੁਲਤਾਨ ਨਸੀਰੂਦੀਨ ਦੁਆਰਾ ਬਣਾਇਆ ਗਿਆ ਇਹ ਮਕਬਰਾ ਭਵਨ ਨਿਰਮਾਣ ਕਲਾ ਦਾ ਵਧੀਆ ਨਮੂਨਾ ਸੀ। ਭਵਨ ਨਿਰਮਾਣ ਕਲਾ ਦੇ ਇਸ ਨਮੂਨੇ ਨੂੰ ਅੱਜ ਸੈਲਾਨੀ ਤੇ ਇਤਿਹਾਸ ਪ੍ਰੇਮੀ ਉਤਸ਼ਾਹ ਨਾਲ ਵੇਖਣ ਆਉਂਦੇ ਹਨ, ਪਰ ਮਕਬਰੇ ਨੂੰ ਵੇਖਣ ਵੇਲੇ ਨਿਰਾਸ਼ ਹੋ ਜਾਂਦੇ ਹਨ। ਰਜ਼ੀਆ ਸੁਲਤਾਨ ਦੇ ਕੈਥਲ ਸਥਿਤ ਮਕਬਰੇ ਉੱਤੇ ਰੁੱਖਾਂ ਤੇ ਝਾੜੀਆਂ ਦੀ ਸੰਘਣੀ ਝੰਗੀ ਨਜ਼ਰ ਪੈਂਦੀ ਹੈ। ਅਣਚਾਹੀਆਂ ਝਾੜੀਆਂ ਤੇ ਰੁੱਖਾਂ ਨੇ ਮਕਬਰੇ ਨੂੰ ਲੁਕਾ ਲਿਆ ਹੈ। ਇਹ ਸਾਰੇ ਮਕਬਰੇ ਦੀ ਹੋਂਦ ਨੂੰ ਮੁਕਾਉਣ 'ਤੇ ਤੁਲੇ ਹੋਏ ਹਨ।


ਰਜ਼ੀਆ ਸੁਲਤਾਨ ਦੇ ਮਕਬਰੇ ਦੇ ਖੰਡਰ ਗਵਾਹ ਹਨ ਕਿ ਅਤੀਤ ਵਿਚ ਇਸ ਦੀ ਸੁੰਦਰਤਾ ਤੇ ਮਜ਼ਬੂਤੀ ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ ਸੀ। ਵਰਗਾਕਾਰ ਥੜ੍ਹੇ ਉੱਪਰ ਟਿਕੇ ਇਸ ਆਇਤਾਕਾਰ ਮਕਬਰੇ ਦੀ ਮਜ਼ਬੂਤੀ ਤੇ ਸੁੰਦਰਤਾ ਲਈ ਥੜ੍ਹੇ ਦੀਆਂ ਚਾਰਾਂ ਨੁੱਕਰਾਂ ਉੱਪਰ ਕਲਾਤਮਿਕ ਬੁਰਜੀਆਂ ਬਣਾਈਆਂ ਗਈਆਂ ਸਨ। ਬੁਰਜੀਆਂ ਦੇ ਸਿਰਿਆਂ ਉੱਪਰ ਨੱਕਾਸ਼ਾਂ ਨੇ ਵੀ ਆਪਣੀ ਕਲਾ ਦੇ ਜੌਹਰ ਵਿਖਾਏ ਸਨ।

ਕੈਥਲ ਦੇ ਪੁਰਾਣੇ ਬੱਸ ਅੱਡੇ ਕੋਲ ਸੂਫ਼ੀ ਫ਼ਕੀਰ ਸ਼ਾਹ ਕਮਾਲ ਦੀ ਯਾਦ ਵਿਚ ਮਕਬਰਾ ਬਣਿਆ ਹੋਇਆ ਹੈ। ਸ਼ਾਹ ਕਮਾਲ ਦਾ ਜਨਮ ਬਗ਼ਦਾਦ ਵਿਚ ਹੋਇਆ ਸੀ। ਦੰਤ ਕਥਾ ਹੈ ਕਿ ਜਨਮ ਤੋਂ ਅੱਧੇ ਘੰਟੇ ਬਾਅਦ ਕਿਸੇ ਫ਼ਕੀਰ ਵੱਲੋਂ ਨਵ-ਜਨਮੇ ਬਾਲ ਨੂੰ ਸਲਾਮ ਕੀਤੀ ਗਈ ਸੀ। ਜਦੋਂ ਨਵ-ਜਨਮੇ ਬਾਲ ਨੇ ਵੀ ਸਲਾਮ ਦਾ ਜਵਾਬ ਸਲਾਮ ਕਰਕੇ ਦਿੱਤਾ ਸੀ, ਉਦੋਂ ਫ਼ਕੀਰ ਨੇ ਆਖਿਆ ਸੀ-'ਇਹ ਤਾਂ ਕਮਾਲ ਹੋ ਗਿਆ।' ਉਸੇ ਦਿਨ ਤੋਂ ਨਵ-ਜਨਮੇ ਬਾਲ ਦਾ ਨਾਮਕਰਨ 'ਸ਼ਾਹ ਕਮਾਲ' ਕਰ ਦਿੱਤਾ ਗਿਆ ਸੀ। ਸੂਫ਼ੀਆਂ ਦੇ ਕਾਦਰੀ ਸੰਪਰਦਾਇ ਨਾਲ ਸੰਬੰਧਤ ਇਹ ਬਾਲ ਬਾਅਦ ਵਿਚ ਦੇਸ਼-ਵਿਦੇਸ਼ ਵਿਚ ਪ੍ਰਸਿੱਧ ਹੋਇਆ। ਫ਼ਕੀਰ ਸ਼ਾਹ ਕਮਾਲ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਸ਼ਾਹ ਸਿਕੰਦਰ ਨੇ ਮਕਬਰਾ ਬਣਵਾਇਆ ਸੀ। ਕੈਥਲ ਵਿਖੇ ਸ਼ਾਹ ਕਮਾਲ ਦਾ ਮਕਬਰਾ 16ਵੀਂ ਸਦੀ ਦੇ ਅਖੀਰ ਵਿਚ ਬਣਿਆ ਸੀ।



ਕਾਬੁਲੀ ਬਾਗ ਮਸਜਿਦ

ਸੋਨੀਪਤ ਦੇ ਜਟਵਾੜਾ ਮੁਹੱਲੇ ਵਿਚ ਸਥਿਤ ਖ਼ਿਜਰ ਖਾਂ ਦਾ ਮਕਬਰਾ ਕਿਸੇ ਮਹਿਲ ਤੋਂ ਘੱਟ ਨਹੀਂ ਹੈ। ਮੁਹੰਮਦ ਤੁਗ਼ਲਕ ਦੀ ਮੌਤ ਤੋਂ ਬਾਅਦ ਖ਼ਿਜਰ ਖਾਂ ਦਿੱਲੀ ਦਾ ਸ਼ਾਸਕ ਬਣਿਆ ਸੀ। ਖ਼ਿਜਰ ਖਾਂ ਦੀ ਮੌਤ ਤੋਂ ਬਾਅਦ ਉਸ ਦੇ ਪੁੱਤਰ ਮੁਬਾਰਕ ਸ਼ਾਹ ਨੇ ਆਪਣੇ ਪਿਤਾ ਦੀ ਯਾਦ ਵਿਚ ਮਕਬਰਾ ਬਣਵਾਇਆ ਸੀ। ਇਕ ਫਾਰਸੀ ਸ਼ਿਲਾਲੇਖ ਅਨੁਸਾਰ ਮਕਬਰਾ 1522-24 ਈਸਵੀ ਵਿਚ ਬਣਾਇਆ ਗਿਆ ਸੀ। ਮਕਬਰੇ ਦੇ ਦਰਵਾਜ਼ੇ ਉੱਪਰ ਅਰਬੀ ਲਿਪੀ ਵਿਚ ਕੁਰਾਨ ਦੀਆਂ ਆਇਤਾ ਵੀ ਲਿਖੀਆਂ ਹੋਈਆਂ ਹਨ। ਉੱਚੇ ਥੜ੍ਹੇ ਉੱਪਰ ਬਣੇ ਇਸ ਮਕਬਰੇ ਵਿਚ ਖ਼ਿਜਰ ਖਾਂ ਤੇ ਉਸ ਦੀ ਬੇਗਮ ਦੀਆਂ ਮਜ਼ਾਰਾਂ ਬਣੀਆਂ ਹੋਈਆਂ ਹਨ। ਉੱਚੇ ਥੜ੍ਹੇ ਉੱਪਰ ਬਣਿਆ ਹੋਣ ਕਰਕੇ ਇਹ ਮਕਬਰਾ ਦੂਰੋਂ ਬੇਹੱਦ ਮਨਮੋਹਕ ਲੱਗਦਾ ਹੈ। ਨਿੱਕੇ ਜਿਹੇ ਪ੍ਰਵੇਸ਼ ਦਵਾਰ ਵਾਲਾ ਇਹ ਮਕਬਰਾ ਅੱਜ ਸੰਪਰਦਾਇਕ ਸਦਭਾਵਨਾ ਦੀ ਮਿਸਾਲ ਬਣਿਆ ਹੋਇਆ ਹੈ। ਵੀਰਵਾਰ ਅਤੇ ਐਤਵਾਰ ਨੂੰ ਸਭ ਧਰਮਾਂ ਤੇ ਜਾਤਾਂ ਦੇ ਲੋਕ ਇੱਥੇ ਨਤਮਸਤਕ ਹੁੰਦੇ ਹਨ। ਪੁਰਾਤੱਤਵ ਵਿਭਾਗ ਨੇ ਲੈਂਡ ਸਕੇਪਿੰਗ ਕਰਕੇ ਮਕਬਰੇ ਦੇ ਆਲੇ-ਦੁਆਲੇ ਨੂੰ ਸਜਾਇਆ ਹੈ।



ਫਿਰੋਜ਼ਸ਼ਾਹੀ ਸਮਾਰਕ

ਪਾਣੀਪਤ ਦੀ ਪਹਿਲੀ ਲੜਾਈ ਬਾਬਰ ਤੇ ਇਬਰਾਹਿਮ ਵਿਚਕਾਰ ਹੋਈ ਸੀ। ਬਾਬਰ ਜਿੱਤ ਗਿਆ ਸੀ। ਬਾਬਰ ਨੇ ਜਿੱਤ ਦਾ ਜਸ਼ਨ ਮਨਾਉਂਦੇ ਹੋਏ ਪਾਣੀਪਤ ਵਿਖੇ ਆਪਣੀ ਬੇਗਮ ਮੁਸੱਮਤ ਕਾਬੁਲੀ ਦੇ ਜਿਉਂ ਹੀ ਉਸ ਦੀ ਯਾਦ ਨੂੰ ਸਦੀਵੀ ਕਰਨ ਲਈ ਇਕ ਸਮਾਰਕ ਬਣਵਾਇਆ ਸੀ। ਬਾਗ਼ਾਂ ਦੇ ਸ਼ੌਕੀਨ ਬਾਬਰ ਨੇ ਸਮਾਰਕ ਬਣਵਾਉਣ ਤੋਂ ਬਾਅਦ ਇਸ ਦੇ ਚਾਰ-ਚੁਫੇਰੇ ਬਾਗ਼ ਲਗਵਾਇਆ ਸੀ ਤੇ ਇਕ ਤਲਾਬ ਬਣਵਾਇਆ ਸੀ। ਇਹ ਸਮਾਰਕ ਛੇਤੀ ਹੀ ਮੁਸਲਿਮ ਆਸਥਾ ਦਾ ਕੇਂਦਰ ਬਣ ਗਿਆ ਸੀ। ਇੱਥੇ ਲੋਕਾਈ ਨਮਾਜ਼ ਅਦਾ ਕਰਨ ਲਈ ਆਉਣ ਲੱਗ ਪਈ ਸੀ। ਸਮਾਰਕ ਨੂੰ ਮਸਜਿਦ ਕਰਕੇ ਜਾਣਿਆ ਜਾਣ ਲੱਗਾ ਸੀ। ਇਹ ਸਮਾਰਕ ਬਾਅਦ ਵਿੱਚ 'ਕਾਬੁਲੀ ਬਾਗ ਮਸਜਿਦ' ਦੇ ਨਾਂਅ ਨਾਲ ਪ੍ਰਸਿੱਧ ਹੋਇਆ।

ਇਤਿਹਾਸਕ ਤੇ ਭਾਰਤੀ ਰਾਸ਼ਟਰੀ ਮਹੱਤਵ ਦੇ ਸਮਾਰਕਾਂ ਦੇ ਐਕਟ ਅਧੀਨ ਸੁਰੱਖਿਅਤ ਕਾਬੁਲੀ ਬਾਗ਼ ਮਸਜਿਦ ਦੀ ਗਿਣਤੀ ਪਾਣੀਪਤ ਤੇ ਭਾਰਤ ਵਿਖੇ ਮੁਗਲਾਂ ਦੁਆਰਾ ਬਣਾਈਆਂ ਗਈਆਂ ਮੁਢਲੀਆਂ ਯਾਦਗਾਰੀ ਇਮਾਰਤਾਂ ਵਿੱਚ ਕੀਤੀ ਜਾਂਦੀ ਹੈ। ਕਾਬੁਲੀ ਬਾਗ਼ ਮਸਜਿਦ ਦੀ ਪ੍ਰਸਿੱਧੀ ਦਾ ਇਕ ਕਾਰਨ ਇਹ ਵੀ ਹੈ ਕਿ ਇਹ ਭਾਰਤ ਵਿੱਚ ਮੁਗ਼ਲਾਂ ਦੇ ਪੈਰ ਜੰਮਣ ਤੇ ਭਾਰਤ ਵਿਚ ਮੁਗ਼ਲ ਸਾਮਰਾਜ ਸਥਾਪਤ ਹੋਣ ਦੇ ਇਤਿਹਾਸ ਨਾਲ ਜੁੜੀ ਹੋਈ ਹੈ। ਜਿਸ ਲੜਾਈ ਨੂੰ ਜਿੱਤਣ ਤੋਂ ਬਾਅਦ ਮੁਗ਼ਲ ਦਿੱਲੀ ਦੇ ਤਖ਼ਤ 'ਤੇ ਕਾਬਜ਼ ਹੋਏ ਸਨ, ਉਸੇ ਲੜਾਈ ਦੀ ਜਿੱਤ ਦੀ ਖੁਸ਼ੀ ਵਿੱਚ ਕਾਬੁਲੀ ਬਾਗ਼ ਮਸਜਿਦ ਬਣਾਈ ਗਈ ਸੀ। ਮੁਗ਼ਲਾਂ ਨੇ ਆਪਣੇ ਰਾਜ-ਕਾਲ ਸਮੇਂ ਭਾਰਤ ਵਿੱਚ ਥਾਂ-ਥਾਂ ਹੋਰ ਅਨੇਕਾਂ ਯਾਦਗਾਰੀ ਇਮਾਰਤਾਂ ਬਣਵਾਈਆਂ ਹਨ, ਪਰ ਜਿੱਤ ਦੀ ਪ੍ਰਤੀਕ ਕਾਬੁਲੀ ਬਾਗ਼ ਮਸਜਿਦ ਪ੍ਰਤੀ ਉਨ੍ਹਾਂ ਦਾ ਵਿਸ਼ੇਸ਼ ਲਗਾਅ ਰਿਹਾ ਹੈ।

ਭਾਵੇਂ ਉਚਿਤ ਸਾਂਭ-ਸੰਭਾਲ ਨਾ ਹੋਣ ਕਰਕੇ ਕਾਬੁਲੀ ਬਾਗ਼ ਮਸਜਿਦ ਦਾ ਦੱਖਣ ਵਾਲੇ ਪਾਸੇ ਦਾ ਹਿੱਸਾ ਡਿੱਗ ਚੁੱਕਾ ਹੈ। ਫਿਰ ਵੀ ਖੰਡਰ ਬੋਲਦੇ ਹਨ ਕਿ ਆਪਣੇ ਸਮੇਂ ਵਿੱਚ ਇਸ ਦੀ ਸੁੰਦਰਤਾ ਤੇ ਮਜ਼ਬੂਤੀ ਦਾ ਕੋਈ ਸ਼ਰੀਕ ਨਹੀਂ ਸੀ। ਪੰਜ ਫੁੱਟ ਤੋਂ ਵੀ ਵਧੇਰੇ ਚੌੜੀਆਂ ਕੰਧਾਂ ਤੇ ਡਿਓਢੀਨੁਮਾ ਮੁੱਖ ਦਰਵਾਜ਼ੇ ਵਾਲੀ ਇਸ ਮਸਜਿਦ ਨੂੰ ਅਰਧ-ਗੋਲਾਕਾਰ ਗੁੰਬਦਾਂ ਨਾਲ ਸਜਾਇਆ ਗਿਆ ਹੈ। ਉੱਤਰ ਵਾਲੇ ਪਾਸੇ ਬਣੇ ਮਸਜਿਦ ਦੇ ਮੁੱਖ ਦਰਵਾਜ਼ੇ ਦੀ ਡਿਓਢੀ ਉੱਪਰ ਵੀ ਇਕ ਅਰਧ ਗੋਲਾਕਾਰ ਗੁੰਬਦ ਸੁਸ਼ੋਭਿਤ ਹੈ।

ਪਾਣੀਪਤ ਬੱਸ ਅੱਡੇ ਤੋਂ ਦੋ ਕਿਲੋਮੀਟਰ ਦੂਰ ਸਥਿਤ ਕਾਬੁਲੀ ਬਾਗ਼ ਮਸਜਿਦ ਦਾ ਸਮੂਹਿਕ ਪ੍ਰਾਰਥਨਾ ਤੇ ਸਭਾ ਹਾਲ ਵਰਗਾਕਾਰ ਹੈ। ਇਸ ਸੈਂਟਰਲ ਪ੍ਰਾਰਥਨਾ ਹਾਲ ਦੇ ਦੋਵੇਂ ਪਾਸੇ ਹੋਰ ਉਪ-ਭਵਨ (ਹਾਲ) ਹਨ। ਇਨ੍ਹਾਂ ਉਪ-ਭਵਨਾਂ ਨੂੰ ਨੌਂ-ਨੌਂ ਹਿੱਸਿਆਂ ਵਿਚ ਵੰਡਿਆ ਗਿਆ ਹੈ। ਜਿਨ੍ਹਾਂ ਵਿੱਚੋਂ ਬਾਹਰੋਂ ਤਿੰਨ-ਤਿੰਨ ਦਿਖਾਈ ਦਿੰਦੇ ਹਨ। ਇਨ੍ਹਾਂ ਉਪ-ਭਵਨਾਂ ਉੱਪਰ ਵੀ ਗੁੰਬਦ ਹਨ। ਮਸਜਿਦ ਦੇ ਗੁੰਬਦਾਂ ਨੂੰ ਗੋਲ ਤੇ ਫੁੱਲਾਂ ਦੇ ਡਿਜ਼ ਵਾਲੇ ਫਲਕਾਂ ਨਾਲ ਸਜਾਇਆ ਗਿਆ ਹੈ। ਕਾਬੁਲੀ ਬਾਗ਼ ਮਸਜਿਦ ਦੀ ਗਿਣਤੀ ਸ਼ੁੱਧ ਮੱਧ ਏਸ਼ੀਆ ਦੀ ਭਵਨ ਨਿਰਮਾਣ ਸ਼ੈਲੀ ਵਿੱਚ ਬਣੀਆਂ ਇਮਾਰਤਾਂ ਵਿੱਚ ਕੀਤੀ ਜਾਂਦੀ ਹੈ। ਅਸ਼ਟਭੁਜਾਕਾਰ ਕਾਬੁਲੀ ਬਾਗ਼ ਮਸਜਿਦ ਦੀ ਇਕ ਨੁੱਕਰ ਉੱਪਰ ਬਾਅਦ ਵਿੱਚ ਹਮਾਯੂੰ ਨੇ ਸਲੀਮ ਸ਼ਾਹ ਨੂੰ ਹਰਾਉਣ ਤੋਂ ਬਾਅਦ ਇਕ ਥੜ੍ਹਾ ਬਣਵਾਇਆ ਸੀ। ਵਰਗਾਕਾਰ ਇਸ ਥੜ੍ਹੇ ਨੂੰ 'ਚਬੂਤਰਾ-ਏ-ਫਤਿਹ' ਮੁਬਾਰਕ ਕਿਹਾ ਜਾਂਦਾ ਹੈ।

ਹਾਂਸੀ ਨੂੰ ਤੁਰਕਾਂ, ਮੁਗਲਾਂ ਤੇ ਅੰਗਰੇਜ਼ਾਂ ਦੀ ਫ਼ੌਜੀ ਛਾਉਣੀ ਹੋਣ ਦਾ ਮਾਣ ਹਾਸਲ ਹੈ। ਹਰਿਆਣੇ ਦਾ ਸ਼ਹਿਰ ਹਾਂਸੀ ਸੂਫ਼ੀਆਂ ਦਾ ਵੀ ਸਭ ਤੋਂ ਪ੍ਰਸਿੱਧ ਟਿਕਾਣਾ ਸੀ। ਅਤੀਤ ਵਿਚ ਹਾਂਸੀ ਵਿਖੇ ਦੇਸ਼-ਵਿਦੇਸ਼ ਦੇ ਮੰਨੇ-ਪ੍ਰਮੰਨੇ ਸੂਫ਼ੀ ਸਾਧਨਾ ਤੇ ਇਬਾਦਤ ਕਰਨ ਆਉਂਦੇ ਰਹੇ ਹਨ। ਹਾਂਸੀ ਦੇ ਪੱਛਮ ਵਿਚ ਸਥਿਤ ਦਰਗਾਹ ਚਾਰ ਕੁਤੁਬ ਸੂਫ਼ੀਆਂ ਦੇ ਆਵਾਗਮਨ ਦੀ ਗਵਾਹ ਹੈ। ਸੂਫ਼ੀਆਂ ਦੇ ਚਿਸ਼ਤੀ ਸੰਪਰਦਾਇ ਵਿਚ ਹਾਂਸੀ ਦਾ ਮਹੱਤਵ ਇਸ ਕਰਕੇ ਵੀ ਵਧੇਰੇ ਹੈ ਕਿ ਚਾਰ ਸੂਫ਼ੀ ਕੁਤੁਬਾਂ (ਸੰਤਾਂ) ਦੀਆਂ ਮਜ਼ਾਰਾਂ ਇਕ ਹੀ ਮਕਬਰੇ ਵਿਚ ਹਨ। ਚਾਰ ਕੁਤੁਬ ਇਕ ਹੀ ਪਰਵਾਰ ਦੇ ਹੋਣ ਤੇ ਉਨ੍ਹਾਂ ਦੀਆਂ ਮਜ਼ਾਰਾਂ ਵੀ ਇਕ ਹੀ ਛੱਤ ਥੱਲੇ ਹੋਣ, ਅਜਿਹਾ ਸੰਜੋਗ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ।

ਦਰਗਾਹ ਚਾਰ ਕੁਤੁਬ ਕੋਲ ਉਹ ਦੀਵਾਨ ਵੀ ਸਥਿਤ ਹੈ, ਜਿੱਥੇ ਬਿਰਾਜਮਾਨ ਹੋ ਕੇ ਸੇ ਫ਼ਰੀਦ ਖ਼ਿਲਾਫ਼ਤਨਾਮਾ ਦਿੰਦੇ ਸਨ। ਹਾਂਸੀ ਵਿਖੇ ਦਰਗਾਹ ਚਾਰ ਕੁਤੁਬ ਦੀ ਇਕ ਨੁੱਕਰ ਵਿਚ ਦੋ ਮਕਬਰੇ ਬਣੇ ਹੋਏ ਹਨ। ਇਹ ਮਕਬਰੇ ਜੇਮਸ ਸਕਿਨਰ ਦੀਆਂ ਪਤਨੀਆਂ ਦੇ ਹਨ। ਜੇਮਸ ਸਕਿਨਰ ਪਹਿਲਾਂ ਮਰਾਠਿਆਂ ਤੇ ਬਾਅਦ ਵਿਚ ਅੰਗਰੇਜ਼ਾਂ ਦੀ ਸੈਨਾ ਵਿਚ ਰਿਹਾ ਹੈ। ਲੜਾਈ ਵਿਚ ਵਧੀਆ ਭੂਮਿਕਾ ਬਦਲੇ ਅੰਗਰੇਜ਼ਾਂ ਨੇ ਸਕਿਨਰ ਨੂੰ ਹਾਂਸੀ ਵਿਖੇ ਕੁਝ ਜਗੀਰ ਇਨਾਮ ਵਜੋਂ ਦਿੱਤੀ ਸੀ। ਇੱਥੇ ਸਕਿਨਰ ਨੇ ਸੋਹਣੀ ਹਵੇਲੀ ਬਣਾਈ ਸੀ। ਕਿਹਾ ਜਾਂਦਾ ਹੈ ਕਿ ਜੇਮਸ ਸਕਿਨਰ ਦੀਆਂ ਦੋ ਪਤਨੀਆਂ ਦੀ ਮੁਸਲਿਮ ਧਰਮ ਵਿਚ ਡੂੰਘੀ ਆਸਥਾ ਸੀ। ਸਕਿਨਰ ਨੇ ਆਪਣੀਆਂ ਪਤਨੀਆਂ ਦੀ ਯਾਦ ਵਿਚ ਦਰਗਾਹ ਚਾਰ ਕੁਤੁਬ ਦੀ ਨੁੱਕਰ ਵਿਚ ਦੋ ਮਕਬਰੇ ਬਣਾਏ ਸਨ। ਇਹ ਮਕਬਰੇ ਅੱਜ ਵੀ ਜਿਉਂ ਦੇ ਤਿਉਂ ਖੜ੍ਹੇ ਹਨ। ਮਕਬਰੇ, ਜੇਮਸ ਸਕਿਨਰ ਦੇ ਆਪਣੀਆਂ ਪਤਨੀਆਂ ਪ੍ਰਤੀ ਪ੍ਰੇਮ ਅਤੇ ਸੰਪਰਦਾਇਕ ਸਦਭਾਵਨਾ ਦੇ ਮੌਨ ਗਵਾਹ ਹਨ।

ਸ਼ਾਹਜਹਾਨ ਕਾਲ ਵਿਚ ਦਿੱਲੀ-ਲਾਹੌਰ-ਮੁਲਤਾਨ ਕੱਚੇ ਰਾਹ ਉੱਪਰ ਦਿੱਲੀ


**ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ**

# ਵਿਸ਼ਵ ਜੇਤੂ ਬਣਨ ਦੀ ਨੈਪੋਲੀਅਨ ਤੇ ਸਿਕੰਦਰ ਵਾਲੀ ਸਨਕ ਅਤੇ ਡੋਨਾਲਡ ਟਰੰਪ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਅੱਜ ਦੇ ਯੁੱਗ ਵਿੱਚ ਲੋਕਤੰਤਰ ਨੂੰ ਰਾਜ ਪ੍ਰਬੰਧ ਦੀ ਸਭ ਤੋਂ ਵਧੀਆ ਵੰਨਗੀ ਕਿਹਾ ਅਤੇ ਮੰਨਿਆ ਜਾਂਦਾ ਹੈ, ਪਰ ਸਮੇਂ ਨੇ ਸਾਬਤ ਕੀਤਾ ਹੈ ਕਿ ਇਸ ਵਿੱਚ ਵੀ ਮਨੁੱਖ ਦੀ ਬਾਕੀ ਸਭਨਾਂ ਉੱਤੇ ਸਰਦਾਰੀ ਦੀ ਭਾਵਨਾ ਉਸ ਦੇ ਮਨ ਤੋਂ ਨਹੀਂ ਨਿਕਲੀ। ਉਂਜ ਅਜੇ ਤੱਕ ਇਹ ਨਿਬੇੜਾ ਨਹੀਂ ਹੋ ਸਕਿਆ ਕਿ ਲੋਕਤੰਤਰ ਦੀਆਂ ਕਈ ਕਿਸਮਾਂ ਫਰੋਲਣ ਪਿੱਛੋਂ ਸਾਰੀਆਂ ਤੋਂ ਉੱਤਮ ਕਿਸ ਨੂੰ ਮੰਨਿਆ ਜਾਵੇ! ਭਾਰਤ ਦਾ ਲੋਕਤੰਤਰ ਹੋਰ ਤਰ੍ਹਾਂ ਦਾ ਹੈ, ਅਮਰੀਕਾ ਦਾ ਲੋਕਤੰਤਰ ਹੋਰ ਤਰ੍ਹਾਂ ਦਾ ਤੇ ਬ੍ਰਿਟੇਨ ਵਰਗੇ ਕਈ ਦੇਸ਼ਾਂ ਵਿੱਚ ਹੋਰ ਤਰ੍ਹਾਂ ਦਾ। ਸਾਡੇ ਦੇਸ਼ ਵਿੱਚ ਸੱਤਾ ਦੀ ਅਸਲੀ ਤਾਕਤ ਪ੍ਰਧਾਨ ਮੰਤਰੀ ਕੋਲ ਹੁੰਦੀ ਹੈ ਅਤੇ ਓਦੋਂ ਉੱਪਰ ਸੰਵਿਧਾਨਕ ਮੁਖੀ ਵਜੋਂ ਚੁਣਿਆ ਹੋਇਆ ਰਾਸ਼ਟਰਪਤੀ ਸਿਰਫ ਨਾਂਅ ਦਾ ਮੁਖੀ ਬਣਿਆ ਰਹਿੰਦਾ ਹੈ, ਉਸ ਕੋਲ ਤਾਕਤ ਬਹੁਤੀ ਨਹੀਂ ਹੁੰਦੀ, ਮੰਤਰੀ ਮੰਡਲ ਦੇ ਫੈਸਲਿਆਂ ਉੱਤੇ ਦਸਤਖ਼ਤ ਕਰਨ ਤੇ ਇੱਕ ਵਾਰ ਉਹ ਮੋੜ ਦੇਵੇ ਤਾਂ ਦੁਬਾਰਾ ਭੇਜੀ ਗਈ ਫਾਈਲ ਉੱਪਰ ਦਸਤਖ਼ਤ ਕਰਨਾ ਉਸ ਲਈ ਜ਼ਰੂਰੀ ਹੁੰਦਾ ਹੈ। ਹਰ ਲੋਕ ਸਭਾ ਚੋਣ ਪਿੱਛੋਂ ਨਵੀਂ ਸਰਕਾਰ ਬਣਨ ਮਗਰੋਂ ਪਾਰਲੀਮੈਂਟ ਦੇ ਪਹਿਲੇ ਸੈਸ਼ਨ ਮੌਕੇ ਦੋਵਾਂ ਹਾਊਸਾਂ ਦੇ ਮੈਂਬਰਾਂ ਦੇ ਸਾਂਝੇ ਅਜਲਾਸ ਅੱਗੇ ਉਸ ਦਾ ਭਾਸ਼ਣ ਕਰਵਾਇਆ ਜਾਂਦਾ ਹੈ ਤੇ ਅੱਗੋਂ-ਪਿੱਛੋਂ ਹਰ ਸਾਲ ਪਹਿਲੇ ਸੈਸ਼ਨ ਮੌਕੇ ਇਹੋ ਰਸਮ ਨਿਭਾਈ ਜਾਂਦੀ ਹੈ। ਸੰਵਿਧਾਨ ਲਾਗੂ ਕਰਨ ਦੇ ਦਿਨ ਵਜੋਂ ਮਨਾਏ ਜਾਂਦੇ ਗਣਤੰਤਰ ਦਿਵਸ ਦੀ ਪਰੇਡ ਤੋਂ ਸਲਾਮੀ ਰਾਸ਼ਟਰਪਤੀ ਨੇ ਲੈਣੀ ਹੁੰਦੀ ਹੈ ਅਤੇ ਸੱਤਾ ਦੇ ਪ੍ਰਤੀਕ ਲਾਲ ਕਿਲ੍ਹੇ ਤੋਂ ਆਜ਼ਾਦੀ ਦਿਨ ਮੌਕੇ ਪ੍ਰਧਾਨ ਮੰਤਰੀ ਭਾਸ਼ਣ ਕਰਦਾ ਹੈ। ਏਨੀ ਕੁ ਕੰਮ ਵੰਡ ਰਹਿੰਦੀ ਹੈ। ਦੂਸਰੇ ਪਾਸੇ ਅਮਰੀਕਾ ਵਰਗੇ ਲੋਕਤੰਤਰੀ ਦੇਸ਼ ਦਾ ਮੁਖੀ ਰਾਸ਼ਟਰਪਤੀ ਵਜੋਂ ਸਾਰੀ ਤਾਕਤ ਦਾ ਮਾਲਕ ਹੁੰਦਾ ਹੈ ਅਤੇ ਪਾਰਲੀਮੈਂਟ ਕੋਈ ਫੈਸਲਾ ਉਸ ਦੇ ਖਿਲਾਫ ਵੀ ਕਰ ਦੇਂਦੀ ਹੈ ਤਾਂ ਉਸ ਨੂੰ ਫਰਕ ਨਹੀਂ ਪੈਂਦਾ। ਏਥੋਂ ਤੱਕ ਕਿ ਅਦਾਲਤੀ ਫੈਸਲਿਆਂ ਦੀ ਵੀ ਡੋਨਾਲਡ ਟਰੰਪ ਵਰਗਾ ਰਾਸ਼ਟਰਪਤੀ ਪ੍ਰਵਾਹ ਨਾ ਕਰੇ ਤਾਂ ਕੋਈ ਉਸ ਦਾ ਕੁਝ ਨਹੀਂ ਵਿਗਾੜ ਸਕਦਾ। ਤੁਲਨਾ ਕਰਨ ਵਾਲੇ ਕੁਝ ਲੋਕ ਦੋਵਾਂ ਵਿੱਚੋਂ ਇੱਕ ਨੂੰ ਵਧੀਆ ਤੇ ਕੁਝ ਲੋਕ ਦੂਸਰੇ ਸਿਸਟਮ ਨੂੰ ਚੰਗਾ ਆਖ ਦੇਂਦੇ ਹਨ।

ਗੱਲ ਨੋਟ ਕਰਨ ਵਾਲੀ ਇਹ ਹੈ ਕਿ ਕਹਿਣ ਨੂੰ ਲੋਕਤੰਤਰ 'ਲੋਕਾਂ ਰਾਹੀਂ ਚੁਣੇ ਗਏ ਲੋਕ ਪ੍ਰਤੀਨਿਧਾਂ ਵੱਲੋਂ ਲੋਕਾਂ ਦੇ ਲਈ ਚਲਾਇਆ ਜਾਂਦਾ ਰਾਜ' ਮੰਨਿਆ ਜਾਂਦਾ ਹੈ, ਪਰ ਅਮਲ ਵਿੱਚ ਇਸ ਪ੍ਰਣਾਲੀ ਨਾਲ ਅੱਗੇ ਆਏ ਆਗੂ ਵੀ ਪੁਰਾਣੇ ਰਾਜਿਆਂ ਤੇ ਨਵਾਬਾਂ ਵਾਲੀ ਪਿਤਾ-ਪੁਰਖੀ ਰਾਜ ਦੀ ਭਾਵਨਾ ਦੇ ਸ਼ਿਕਾਰ ਹੋ ਸਕਦੇ ਹਨ। ਪੱਛਮੀ ਦੇਸ਼ਾਂ ਵਿਚਲੇ ਲੋਕਤੰਤਰ ਨੂੰ ਇਸ ਤੋਂ ਵੱਖਰਾ ਕਿਹਾ ਜਾਂਦਾ ਸੀ, ਪਰ ਜਾਰਜ ਬੁੱਸ਼ ਦਾ ਪੁੱਤਰ ਜਾਰਜ ਬੁੱਸ਼ ਜੂਨੀਅਰ ਰਾਸ਼ਟਰਪਤੀ ਚੁਣੇ ਜਾਣ ਨਾਲ ਓਥੇ ਵੀ ਇਹ ਗੱਲ ਸਾਬਤ ਹੋ ਗਈ ਕਿ ਜੇ ਕੋਈ ਆਗੂ ਆਪਣੀ ਔਲਾਦ ਨੂੰ ਆਪਣੀ ਥਾਂ ਗੱਦੀ ਉੱਤੇ ਬੈਠਾ ਵੇਖਣ ਵਰਗੀ ਇੱਛਾ ਰੱਖਦਾ ਹੋਵੇ ਤਾਂ ਇਹ ਪ੍ਰਾਪਤੀ ਕਰ ਸਕਦਾ ਹੈ। ਭਾਰਤ ਵਿੱਚ ਤਾਂ ਇਹ ਲਗਭਗ ਹਰ ਰਾਜ ਵਿੱਚ ਹੁੰਦਾ ਰਹਿੰਦਾ ਹੈ, ਬੇਸ਼ੱਕ ਬਹਾਨਾ ਇਹ ਘੜਿਆ ਜਾਂਦਾ ਹੈ ਕਿ ਔਲਾਦ ਨੂੰ ਆਪਣੇ ਕੰਮ ਦੇ ਸਿਰ ਉੱਤੇ ਲੀਡਰੀ ਮਿਲ ਰਹੀ ਹੈ, ਅਸਲ ਵਿੱਚ ਕੀਤੇ ਕੰਮਾਂ ਨਾਲ ਨਹੀਂ, ਤਿਕੜਮਾਂ ਨਾਲ ਪਹਿਲਾਂ ਉਸ ਪਾਰਟੀ ਤੇ ਫਿਰ ਚੋਣਾਂ ਵਿੱਚ ਲੋਕਾਂ ਉੱਤੇ ਗਲਬਾ ਪਾਏ ਜਾਣ ਨਾਲ ਏਦਾਂ ਦੀ ਸੋਚ ਸਿਰੇ ਚੜ੍ਹਾਈ ਜਾਂਦੀ ਹੈ। 'ਕਸ਼ਮੀਰ ਤੋਂ ਕੰਨਿਆ ਕੁਮਾਰੀ ਤੱਕ ਭਾਰਤ ਇੱਕ' ਦਾ ਨਾਅਰਾ ਲੋਕਤੰਤਰ ਵਿੱਚ ਆਏ ਪਰਵਾਰਵਾਦ ਦੇ ਨਾਲ ਅਸਲੀ ਅਰਥਾਂ ਵਿੱਚ ਲਾਗੂ ਹੋਇਆ ਵੇਖਿਆ ਜਾ ਸਕਦਾ ਹੈ।

ਜਿਹੜਾ ਲੋਕਤੰਤਰ ਆਪਣੀ ਭਾਰਤੀ ਜਾਂ ਅਮਰੀਕੀ ਕਿਸਮ ਦੀ ਪ੍ਰਣਾਲੀ ਵਿੱਚ ਪਿਤਾ-ਪੁਰਖੀ ਰਾਜ ਦੀ ਲਾਲਸਾ ਨੂੰ ਰੋਕਣ ਜੋਗਾ ਸਾਬਤ ਨਹੀਂ ਹੋ ਸਕਿਆ, ਉਸ ਤੋਂ ਦੁਨੀਆ ਉੱਤੇ ਰਾਜ ਕਰਨ ਦੀ ਸਿਕੰਦਰ ਜਾਂ ਨੈਪੋਲੀਅਨ ਵਰਗਿਆਂ ਦੀ ਲਾਲਸਾ ਨੂੰ ਬੰਨ੍ਹ ਨਹੀਂ ਮਾਰਿਆ ਜਾ ਸਕਿਆ। ਆਦਮੀ ਦੇ ਅੰਦਰ ਸੱਤਾ ਦੀ ਲਾਲਸਾ ਅਤੇ ਸੱਤਾ ਖਾਤਰ ਪਹਿਲਾਂ ਪਿੰਡ ਜਾਂ ਮੁਹੱਲੇ ਦੀ ਚੌਧਰ, ਫਿਰ ਅਸੈਂਬਲੀ ਹਲਕੇ ਦੀ ਅਤੇ ਜਦੋਂ ਫਿਰ ਇਹ ਲਾਲਸਾ ਸੂਬਾ ਪੱਧਰ ਤੱਕ ਕਾਮਯਾਬ ਹੁੰਦੀ ਹੋਵੇ ਤਾਂ ਪੂਰੇ ਦੇਸ਼ ਦੀ ਚੌਧਰ ਦੀ ਭਾਵਨਾ ਉਸ ਅੰਦਰ ਉੱਸਲਵੱਟੇ ਭੰਨਣ ਲੱਗਦੀ ਹੈ। ਇਹੋ ਭਾਵਨਾ ਬਹੁਤਾ ਜ਼ੋਰ ਮਾਰੇ ਤਾਂ ਕੋਈ ਡੋਨਾਲਡ ਟਰੰਪ ਸਾਰੇ ਸੰਸਾਰ ਉੱਤੇ ਆਪਣਾ ਸਿੱਕਾ ਚੱਲਦਾ ਵੇਖਣ ਲਈ ਪੁਰ-ਅਮਨ ਵੱਸਦੇ ਸਾਰੇ ਸੰਸਾਰ ਦੇ ਲੋਕਾਂ ਨੂੰ ਜੰਗ ਦੀ ਭੱਠੀ ਵਿੱਚ ਝੋਕਣ ਦੇ ਰਾਹੇ ਪੈ ਜਾਂਦਾ ਹੈ। ਡੋਨਾਲਡ ਟਰੰਪ ਤੋਂ ਪਹਿਲਾਂ ਏਸੇ ਭਾਵਨਾ ਅਧੀਨ ਕਦੇ ਕੋਈ ਨਿਕਸਨ ਅਤੇ ਕਦੀ ਕੋਈ ਹੋਰ ਏਹੋ ਜਿਹੇ ਪੈਂਤੜੇ ਮੱਲਦੇ ਰਹੇ ਹਨ। ਜਦੋਂ ਦੂਸਰੀ ਸੰਸਾਰ ਜੰਗ ਮਗਰੋਂ ਬ੍ਰਿਟੇਨ ਨੂੰ ਪਿੱਛੇ ਧੱਕ ਕੇ ਸੰਸਾਰ ਸਰਮਾਏਦਾਰੀ ਦੀ ਚੌਧਰ ਤੇ ਸੁਪਰ ਪਾਵਰ ਹੋਣ ਦਾ ਰੁਤਬਾ ਮਿਲਿਆ ਤਾਂ ਸੰਸਾਰ ਜਿੱਤਣ ਦੀ ਭਾਵਨਾ ਅਮਰੀਕੀ ਹਾਕਮਾਂ ਵਿੱਚ ਕੁਝ ਹੋਰ ਭਾਰੂ ਹੋ ਗਈ। ਡੋਨਾਲਡ ਟਰੰਪ ਤਾਂ ਇਸ ਵਹਿਣ ਵਿੱਚ ਬਾਕੀ ਸਭਨਾਂ ਤੋਂ ਅੱਗੇ ਲੰਘਿਆ ਓਦੋਂ ਸਾਬਤ ਹੋ ਗਿਆ, ਜਦੋਂ ਅਮਰੀਕੀ ਫੌਜੀਆਂ ਨੇ ਉਸ ਦੇ ਹੁਕਮ ਉੱਤੇ ਵੈਨੇਜ਼ੁਏਲਾ ਵਰਗੇ ਆਜ਼ਾਦ ਖੁਦ-ਮੁਖਤਿਆਰ ਦੇਸ਼ ਉੱਤੇ ਹਮਲਾ ਕੀਤਾ ਤੇ ਓਥੋਂ ਦੇ ਰਾਸ਼ਟਰਪਤੀ ਅਤੇ ਉਸ ਦੀ ਪਤਨੀ ਨੂੰ ਚੁਕਵਾ ਕੇ ਆਪਣੀ ਜੇਲ੍ਹ ਵਿੱਚ ਜਾ ਸੁੱਟਿਆ ਸੀ। ਇਸ ਦੇ ਬਾਅਦ ਉਸ ਦਾ ਹਸ਼ਰ ਕੀ ਕੀਤਾ ਜਾਣਾ ਹੈ, ਉਸ ਦਾ ਸਾਰੇ ਸੰਸਾਰ ਦੇ ਲੋਕਾਂ ਨੂੰ ਅਗੇਤਾ ਪਤਾ ਹੈ ਅਤੇ ਅਗਲੀ ਗੱਲ ਇਹ ਕਿ ਉਸ ਦੇਸ਼ ਵਿੱਚ ਓਦੋਂ ਬਾਅਦ ਕਹਿਣ ਨੂੰ ਭਾਵੇਂ ਸਰਕਾਰ ਦੀ ਅਗਵਾਈ ਵੈਨੇਜ਼ੁਏਲਾ ਵਾਲੇ ਆਗੂਆਂ ਦੇ ਮੰਤਰੀ ਮੰਡਲ ਕੋਲ ਹੈ, ਅਸਲ ਸੱਤਾ ਅਮਰੀਕਾ ਬੈਠੇ ਡੋਨਾਲਡ ਟਰੰਪ ਦੇ ਹੱਥ ਵਿੱਚ ਪੂਰੀ ਤਰ੍ਹਾਂ ਆ ਚੁੱਕੀ ਹੈ, ਜਿਹੜਾ ਓਥੋਂ ਦੀ ਆਰਥਿਕਤਾ ਅਤੇ ਹੋਰ ਦੇਸ਼ਾਂ ਨਾਲ ਸੰਬੰਧਾਂ ਬਾਰੇ ਹਰ ਕਿਸਮ ਦਾ ਫੈਸਲਾ ਕਰਦਾ ਪਿਆ ਹੈ।

ਆਪਣੀ ਇਸ ਵੱਡੀ ਕਾਰਵਾਈ ਵਿੱਚ ਕਾਮਯਾਬ ਹੋਣ ਦੇ ਬਾਅਦ ਉਸ ਨੇ ਈਰਾਨ ਵਾਲੀ ਜੰਗ ਵਿੱਚ ਇਹੋ ਕਹਿਣ ਵੱਲ ਮੂੰਹ ਕਰ ਲਿਆ ਹੈ। ਬਹੁਤ ਸਾਰੇ ਹੋਰ ਲੋਕਾਂ ਵਾਂਗ ਈਰਾਨ ਬਾਰੇ ਸਾਡੀ ਵੀ ਧਾਰਨਾ ਇਹੋ ਹੈ ਕਿ ਕੱਟੜਪੰਥੀਪੁਣੇ ਦੀ ਸਿਖਰ ਵਾਲੀ ਉਸ ਇਸਲਾਮੀ ਹਕੂਮਤ ਦੇ ਆਗੂਆਂ ਨੇ ਆਪਣੇ ਦੇਸ਼ ਦੇ ਲੋਕਾਂ ਨਾਲ ਬਹੁਤ ਜ਼ਿਆਦਤੀਆਂ ਕੀਤੀਆਂ ਅਤੇ ਜ਼ੁਲਮ ਦੇ ਪੱਖੋਂ ਅੱਤ ਕਰ ਰੱਖੀ ਸੀ, ਪਰ ਡੋਨਾਲਡ ਟਰੰਪ ਜਿਹੜੇ ਦੇਸ਼ਾਂ ਨਾਲ ਨੇੜਲੇ ਸੰਬੰਧ ਕਿਸੇ ਤੋਂ ਲੁਕਾਉਂਦਾ ਨਹੀਂ, ਓਥੇ ਕਿਹੜੀ ਘੱਟ ਹੁੰਦੀ ਹੈ? ਉਸ ਨੇ ਈਰਾਨ ਉੱਤੇ ਹਮਲਾ ਕਰਨਾ ਸੀ ਤੇ ਕਰ ਦਿੱਤਾ ਹੈ ਤਾਂ ਇਸ ਦਾ ਅਰਥ ਇਹ ਵੀ ਨਹੀਂ ਕਿ ਮਾਮਲਾ ਸਿਰਫ ਓਥੋਂ ਤੱਕ ਸੀਮਤ ਰਹਿਣ ਵਾਲਾ ਹੈ। ਜਿੱਦਾਂ ਉਸ ਨੇ ਵੈਨੇਜ਼ੁਏਲਾ ਬਾਰੇ ਇਹ ਕਹਿਣ ਵਿੱਚ ਦੇਰ ਨਹੀਂ ਲਾਈ ਕਿ ਓਥੋਂ ਦੀ ਸਰਕਾਰ ਉਸ ਦੇ ਕਹਿਣ ਉੱਤੇ ਚੱਲੇਗੀ ਤੇ ਉਸ ਸਰਕਾਰ ਦੀ ਮੁਖੀ ਨੇ ਟਰੰਪ ਦੇ ਇਸ ਦਾਅਵੇ ਨੂੰ ਕੱਟਣ ਦੀ ਕੋਸ਼ਿਸ਼ ਨਹੀਂ ਕੀਤੀ, ਉਸੇ ਤਰ੍ਹਾਂ ਈਰਾਨ ਬਾਰੇ ਵੀ ਉਹ ਮਨ ਦੀ ਗੱਲ ਮਨ ਵਿੱਚ ਨਹੀਂ ਰੱਖਦਾ, ਖੁੱਲ੍ਹ ਕੇ ਕਹਿੰਦਾ ਹੈ। ਇੱਕ ਹਮਲੇ ਵਿੱਚ ਈਰਾਨ ਦੇ ਮੁਖੀ ਇਸਲਾਮਿਕ ਆਗੂ ਖੁਮੈਨੀ ਦੀ ਮੌਤ ਮਗਰੋਂ ਜਦੋਂ ਉਸ ਦੇਸ਼ ਵਿੱਚ ਨਵਾਂ ਆਗੂ ਚੁਣਿਆ ਜਾਣਾ ਸੀ ਤਾਂ ਟਰੰਪ ਨੇ ਇਹ ਧਮਕੀ ਦੇ ਦਿੱਤੀ ਕਿ ਉਹ ਆਪਣਾ ਆਗੂ ਉਸ ਦੀ ਮਰਜ਼ੀ ਬਗੈਰ ਨਹੀਂ ਚੁਣ ਸਕਦੇ ਅਤੇ ਭਵਿੱਖ ਦੇ ਈਰਾਨ ਨੇ ਉਸ ਦੀ ਕਮਾਨ ਹੇਠ ਚੱਲਣਾ ਹੈ। ਦੁਨੀਆ ਦੇ ਆਗੂਆਂ ਵਿੱਚੋਂ ਕਿਸੇ ਦੀ ਏਨੀ ਹਿੰਮਤ ਨਹੀਂ ਕਿ ਏਦਾਂ ਦੀ ਗੱਲ ਲਈ ਡੋਨਾਲਡ ਟਰੰਪ ਦਾ ਵਿਰੋਧ ਕਰ ਸਕਣ। ਇਸ ਦਾ ਕਾਰਨ ਇਹ ਸਾਫ ਹੈ ਕਿ ਅੱਜ ਵਾਲੀ ਦੁਨੀਆ ਵਿੱਚ ਉਹ ਕਦੀ ਕਿਸੇ ਵੈਨੇਜ਼ੁਏਲਾ ਤੇ ਕਦੀ ਈਰਾਨ ਨੂੰ ਆਪਣੇ ਗਲਬੇ ਹੇਠ ਨਹੀਂ ਕਰ ਰਿਹਾ, ਸਗੋਂ ਉਹ ਸੰਸਾਰ ਉੱਤੇ ਆਪਣਾ ਸਿੱਕਾ ਚੱਲਦਾ ਵੇਖਣ ਦੇ ਨੈਪੋਲੀਅਨ ਵਰਗੇ ਸੁਫਨੇ ਉੱਤੇ ਅੱਗੇ ਵਧ ਰਿਹਾ ਹੈ।

ਦੁਨੀਆ ਜਾਣਦੀ ਹੈ ਕਿ ਪਿਛਲੇ ਸਾਲ ਦੇ ਅੰਤ ਤੱਕ ਇਸਰਾਈਲ ਇੱਕ ਜੰਗ ਫਲਸਤੀਨ ਵਿਰੁੱਧ ਲੜ ਰਿਹਾ ਸੀ ਤੇ ਅਮਰੀਕਾ ਪਿੱਛੇ ਰਹਿ ਕੇ ਕਦੇ ਲੁਕਵੀਂ ਅਤੇ ਕਦੇ-ਕਦੇ ਸਿੱਧੇ ਹਮਲੇ ਕਰ ਕੇ ਮਦਦ ਕਰਦਾ ਰਿਹਾ ਸੀ। ਫਿਰ ਉਸ ਨੇ ਇਸਰਾਈਲ ਨਾਲ ਮਿਲ ਕੇ ਈਰਾਨ ਵਿੱਚ ਤਬਾਹੀ ਜਾ ਮਚਾਈ ਸੀ। ਉਹ ਜੰਗ ਹਾਲੇ ਕਿਸੇ ਸਿਰੇ ਨਹੀਂ ਲੱਗੀ ਤੇ ਟਰੰਪ ਨੇ ਕਿਊਬਾ ਬਾਰੇ ਆਪਣੇ ਇਰਾਦੇ ਸਾਫ ਦੱਸ ਦਿੱਤੇ ਹਨ। ਕੈਨੇਡਾ ਬਾਰੇ ਵੀ ਉਸ ਦੀ ਸੋਚ ਕਿਸੇ ਤੋਂ ਲੁਕੀ ਨਹੀਂ ਤੇ ਕੁਝ ਹੋਰ ਛੋਟੇ ਦੇਸ਼ਾਂ ਬਾਰੇ ਵੀ ਉਹ ਏਦਾਂ ਦੀਆਂ ਗੱਲਾਂ ਕਰਦਾ ਹੈ, ਜਿਨ੍ਹਾਂ ਦੀ ਸੁਰ-ਸੇਧ ਇੱਕੋ ਦਿਸ਼ਾ ਵਿੱਚ ਹੁੰਦੀ ਹੈ ਕਿ ਸਾਰੇ ਪਾਸੇ ਅਮਰੀਕਾ ਦਾ ਸਿੱਕਾ ਚੱਲਣਾ ਚਾਹੀਦਾ ਹੈ ਤੇ ਡੋਨਾਲਡ ਟਰੰਪ ਨਾਂਅ ਦੇ ਇੱਕ ਜੇਤੂ ਦੀ ਧਮਕ ਚਹੁੰ ਦਿਸ਼ਾਵਾਂ ਵਿੱਚ ਪੈਂਦੀ ਸੁਣੀ ਜਾਣੀ ਚਾਹੀਦੀ ਹੈ। ਯੂਰਪ ਦੇ ਕੁਝ ਦੇਸ਼ਾਂ ਨੇ ਉਸ ਦੀ ਇਸ ਮੁਹਿੰਮ ਤੋਂ ਪਹਿਲੀ ਵਾਰ ਨਿਖੇੜਾ ਕੀਤਾ ਹੈ, ਪਰ ਉਹ ਵੀ ਅਜੇ ਇਸ ਦੇ ਵਿਰੋਧ ਵਿੱਚ ਜਾਣ ਦੀ ਹਿੰਮਤ ਕਰਨੋਂ ਝਿਜਕਦੇ ਹਨ, ਸਿਰਫ ਯੂ ਐੱਨ ਓ ਨੂੰ ਸੰਸਾਰ ਦੇ ਹਾਲਾਤ ਬਾਰੇ ਵਿਚਾਰ ਕਰਨ ਲਈ ਸਕਿਓਰਿਟੀ ਕੌਂਸਲ ਦੀ ਮੀਟਿੰਗ ਸੱਦਣ ਦੀਆਂ ਬੇਨਤੀਆਂ ਕਰ ਸਕਦੇ ਹਨ। ਸਕਿਓਰਿਟੀ ਕੌਂਸਲ ਦੀ ਮੀਟਿੰਗ ਵੀ ਜਦੋਂ ਹੋਵੇਗੀ ਤਾਂ ਅਮਰੀਕਾ ਖਿਲਾਫ ਕੋਈ ਮਤਾ ਪਾਸ ਨਹੀਂ ਕੀਤਾ ਜਾਣਾ, ਕਿਉਂਕਿ ਉਸ ਕੋਲ ਵੀਟੋ ਵਾਲੀ ਤਾਕਤ ਹੈ, ਜਿਸ ਨਾਲ ਅੜਿੱਕਾ ਪਾਉਣ ਵਿੱਚ ਕੋਈ ਦਿੱਕਤ ਉਸ ਨੂੰ ਬਿਲਕੁਲ ਨਹੀਂ ਆਉਣੀ। ਨਤੀਜੇ ਵਜੋਂ ਡੋਨਾਲਡ ਟਰੰਪ ਅਗਲੀ ਚੋਣ ਤੱਕ ਆਪਣੀ ਲੀਹ ਉੱਤੇ ਏਸੇ ਤਰ੍ਹਾਂ ਤੁਰਿਆ ਜਾਂਦਾ ਦਿਖਾਈ ਦੇ ਸਕਦਾ ਹੈ।

ਗੱਲ ਸਿਰਫ ਇਹ ਨਹੀਂ ਕਿ ਡੋਨਾਲਡ ਟਰੰਪ ਇਸ ਵਕਤ ਦੁਨੀਆ ਉੱਤੇ ਸਿੱਕਾ ਚੱਲਦਾ ਵੇਖਣ ਦੇ ਰਾਹ ਤੁਰਿਆ ਜਾਂਦਾ ਹੈ, ਇਹ ਨੋਟ ਕਰਨ ਵਾਲੀ ਹੈ ਕਿ ਉਸ ਦੀ ਭਾਰਤ ਵੱਲ ਸੁਵੱਲੀ ਨਜ਼ਰ ਨਹੀਂ, ਪਰ ਭਾਰਤ ਸਰਕਾਰ ਹਾਲੇ ਤੱਕ ਇਸ ਸੋਚ ਅੱਗੇ ਸਪੀਡ ਬਰੇਕਰ ਖੜਾ ਕਰਨ ਬਾਰੇ ਨਹੀਂ ਸੋਚ ਰਹੀ। ਉਹ ਪਿਛਲੇ ਸਾਲ ਤੋਂ ਲਗਾਤਾਰ ਕਹਿੰਦਾ ਰਿਹਾ ਹੈ ਕਿ 'ਅਪਰੇਸ਼ਨ ਸਿੰਧੂਰ' ਦੌਰਾਨ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੰਗਬੰਦੀ ਲਈ ਮੰਨਦਾ ਨਹੀਂ ਸੀ ਤੇ ਜਦੋਂ ਉਸ ਨੂੰ ਕਿਹਾ ਗਿਆ ਕਿ ਫਿਰ ਭਾਰਤ ਉੱਤੇ ਟੈਰਿਫ ਦਾ ਵੱਡਾ ਬੋਝ ਪਾਉਣ ਲੱਗੇ ਹਾਂ ਤਾਂ ਝਟਪਟ ਮੰਨ ਗਿਆ, ਪਰ ਉਸ ਦੀ ਇਹ ਗੱਲ ਕੱਟਣ ਦੀ ਭਾਰਤ ਦੇ ਪ੍ਰਧਾਨ ਮੰਤਰੀ ਨੇ ਅੱਜ ਤੱਕ ਲੋੜ ਨਹੀਂ ਸਮਝੀ। ਭਾਰਤ ਦੇ ਹੇਠਲੇ ਅਹਿਲਕਾਰ ਇਸ ਗੱਲ ਨੂੰ ਕੱਟਦੇ ਰਹੇ ਸਨ, ਪਰ ਉਨ੍ਹਾਂ ਦਾ ਕੋਈ ਅਸਰ ਨਹੀਂ ਹੁੰਦਾ। ਈਰਾਨ ਦੀ ਜੰਗ ਦੌਰਾਨ ਇੱਕ ਗੱਲ ਟਰੰਪ ਨੇ ਇਹ ਵੀ ਕਹਿ ਦਿੱਤੀ ਹੈ ਕਿ ਭਾਰਤ ਨੂੰ ਰੂਸ ਤੋਂ ਤੇਲ ਲੈਂਦੇ ਰਹਿਣ ਲਈ ਇੱਕ ਮਹੀਨੇ ਦੀ ਖੁੱਲ੍ਹ ਦੇ ਦਿੱਤੀ ਹੈ, ਜਿਸ ਦਾ ਅਰਥ ਹੈ ਕਿ ਜੇ ਅਮਰੀਕਾ ਖੁੱਲ੍ਹ ਨਾ ਦੇਂਦਾ ਤਾਂ ਭਾਰਤ ਤੇਲ ਨਹੀਂ ਸੀ ਖਰੀਦ ਸਕਦਾ। ਇਹ ਛੋਟ ਮਿਲਣ ਨਾਲ ਭਾਰਤ ਦੇ ਲੋਕਾਂ ਦਾ ਬਿਨਾਂ ਸ਼ੱਕ ਕੁਝ ਸਾਹ ਸੌਖਾ ਹੋ ਸਕਦਾ ਹੈ, ਪਰ ਸੰਸਾਰ ਪੱਧਰ ਉੱਤੇ ਇਹ ਸੰਕੇਤ ਚਲਾ ਗਿਆ ਹੈ ਕਿ ਭਾਰਤ ਵੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਮਰਜ਼ੀ ਦੇ ਬਗੈਰ ਕੁਝ ਕਰਨ ਜੋਗਾ ਨਹੀਂ, ਇਸ ਨਾਲ ਦੁਨੀਆ ਵਿੱਚ ਕਈ ਦਹਾਕਿਆਂ ਦੌਰਾਨ ਬਣੇ ਭਾਰਤ ਦੇ ਅਕਸ ਨੂੰ ਸੱਟ ਵੱਜੀ ਹੈ। ਇਸ ਬਿਆਨ ਦਾ ਖੰਡਨ ਕਰਨ ਦੀ ਲੋੜ ਸੀ, ਪਰ ਭਾਰਤ ਸਰਕਾਰ ਦੇ ਸਿਆਸੀ ਮੁਖੀ, ਪ੍ਰਧਾਨ ਮੰਤਰੀ ਦਾ ਧਿਆਨ ਸੰਸਾਰ ਵਿੱਚ ਮੁਲਕ ਦੇ ਅਕਸ ਨਾਲੋਂ ਇਸ ਗੱਲ ਵੱਲ ਵੱਧ ਹੈ ਕਿ ਫਲਾਣੇ-ਫਲਾਣੇ ਰਾਜ ਵਿੱਚ ਅਜੇ ਤੱਕ ਮੇਰਾ ਸਿੱਕਾ ਚੱਲਣਾ ਬਾਕੀ ਹੈ, ਉਹ ਕੰਮ ਪਹਿਲਾਂ ਕਰਨ ਵਾਲਾ ਹੈ।

ਆਜ਼ਾਦੀ ਮਿਲਣ ਦੇ ਬਾਅਦ ਅੱਜ ਤੱਕ ਸੰਸਾਰ ਦੀ ਸੱਥ ਵਿੱਚ ਭਾਰਤ ਨੇ ਕਦੀ ਕਿਸੇ ਤੋਂ ਗੱਲ ਨਹੀਂ ਸੀ ਕਰਵਾਈ ਅਤੇ ਹਰ ਮਿਹਣੇ ਜਾਂ ਚੋਭ ਦਾ ਜਵਾਬ ਨਾਲੋ-ਨਾਲ ਦਿੰਦਾ ਰਿਹਾ ਸੀ। ਅੱਜ ਜਦੋਂ ਦੇਸ਼ ਵਿੱਚ ਉਹ ਪਾਰਟੀ ਕਮਾਨ ਸੰਭਾਲੀ ਬੈਠੀ ਹੈ, ਜਿਸ ਦਾ ਦਾਅਵਾ ਹੈ ਕਿ ਮੈਂਬਰਾਂ ਦੀ ਗਿਣਤੀ ਪੱਖੋਂ ਉਹ ਦੁਨੀਆ ਦੀ ਨੰਬਰ ਵੰਨ ਸਿਆਸੀ ਧਿਰ ਵਾਲਾ ਦਰਜਾ ਰੱਖਦੀ ਹੈ, ਓਦੋਂ ਕਿਸੇ ਅਮਰੀਕੀ ਰਾਸ਼ਟਰਪਤੀ ਦਾ ਭਾਰਤ ਨੂੰ ਏਦਾਂ ਦੀਆਂ ਚੋਭਾਂ ਲਾਈ ਜਾਣਾ ਚੁਭਦਾ ਹੈ। ਭਾਰਤੀ ਲੋਕ ਗੁਲਾਮੀ ਦੇ ਦੌਰ ਦੌਰਾਨ ਵੀ ਕਦੇ ਕਿਸੇ ਵਿਦੇਸ਼ੀ ਧਿਰ ਦੇ ਦਾਅਵੇ ਬਾਰੇ ਖੰਡਨ ਕਰਨ ਵਿੱਚ ਪਲ ਨਹੀਂ ਸਨ ਲਾਉਂਦੇ ਹੁੰਦੇ, ਇਹ ਸ਼ਾਇਦ ਪਹਿਲੀ ਵਾਰ ਹੋ ਰਿਹਾ ਹੈ ਕਿ ਏਦਾਂ ਦਾ ਖੰਡਨ ਕਰਨ ਦੀ ਝਿਜਕ ਦੇਖੀ ਜਾ ਰਹੀ ਹੈ। ਜਦੋਂ ਦੇਸ਼ ਦੀ ਅਣਖ ਨੂੰ ਚੋਟ ਲਾਉਣ ਵਾਲੇ ਦਾਅਵਿਆਂ ਮੂਹਰੇ ਆਪਣੀ ਗੱਲ ਕਹਿਣ ਤੋਂ ਬਚਦੇ ਰਹਿਣ ਦੀ ਨੌਬਤ ਆ ਜਾਵੇ ਤਾਂ ਦੇਸ਼ ਅੰਦਰ ਇੱਕ ਪਿੱਛੋਂ ਦੂਸਰੇ ਰਾਜ ਉੱਤੇ ਕੀਤੇ ਜਾਂਦੇ ਕਬਜ਼ੇ ਵੀ ਆਗੂ ਦਾ ਅਕਸ ਪਹਿਲਾਂ ਵਾਲਾ ਨਹੀਂ ਰਹਿਣ ਦੇਂਦੇ ਹੁੰਦੇ।

# ਲੰਬੜਦਾਰ, ਸਫੈਦਪੋਸ਼, ਕੁਰਸੀ-ਨਸ਼ੀਨ ਅਤੇ ਝੋਲੀਚੁੱਕ

ਪਿੰਡ ਵਸਿਆ-67

ਵਿਜੇ ਬੰਬੇਲੀ

ਅੰਗਰੇਜ਼ਾਂ ਨੇ ਧਰਾਤਲ ਪੱਧਰ 'ਤੇ ਪੱਕੇ ਪੈਰੀਂ ਹੋਣ ਅਤੇ ਹੇਠਲੇ ਪੱਧਰ 'ਤੇ ਰਾਜ ਨੂੰ ਲਾਗੂ ਕਰਵਾਉਣ ਲਈ, ਨਿਰੋਲ ਆਪਣੇ ਮੁਫਾਦਾਂ ਲਈ, ਕੁਝ ਸਥਾਨਕ ਉਪਾਧੀਆਂ ਸਿਰਜੀਆਂ। ਦਰ-ਅਸਲ ਜੰਗਿ-ਆਜ਼ਾਦੀ, 1857 ਦੇ ਗ਼ਦਰ ਦੇ ਪਹਿਲੇ ਯੁੱਧ ਦੀ ਅਸਫਲਤਾ ਤੋਂ ਬਾਅਦ ਵੀ ਬਗਾਵਤੀ ਰੌਂ ਮੱਠਾ ਨਹੀਂ ਸੀ ਪਿਆ। ਸੋ ਸੀਮਤ ਜਿਹੇ ਸਮਾਜੀ, ਪ੍ਰਬੰਧਕੀ ਅਤੇ ਆਰਥਿਕ ਅਧਿਕਾਰ ਦੇ ਕੇ ਜ਼ੈਲਦਾਰ, ਲੰਬੜਦਾਰ, ਸਫੈਦਪੋਸ਼ ਅਤੇ ਕੁਰਸੀ-ਨਸ਼ੀਨ ਵਰਗੀਆਂ ਸਥਾਨਕ, ਹਾਕਮ-ਹਿੱਤੂ ਥੰਮ੍ਹੀਆਂ ਸਥਾਪਤ ਕੀਤੀਆਂ।

ਲੰਬੜਦਾਰ : ਇਹ ਅਰਬੀ ਸ਼ਬਦ ਹੈ, ਜਿਹੜਾ ਦੋ ਸ਼ਬਦਾਂ ਆਲਮ ਅਤੇ ਬਰਦਾਰ ਦੇ ਜਮ੍ਹਾਂ ਜੋੜ ਤੋਂ ਉਪਜਿਆ। ਆਲਮ ਤੋਂ ਭਾਵ ਝੰਡਾ ਅਤੇ ਬਰਦਾਰ ਦਾ ਮਤਲਬ ਝੰਡਾ ਰੱਖਣ ਵਾਲਾ ਅਰਥਾਤ ਝੰਡਾ ਬਰਦਾਰ। ਪਹਿਲਕਿਆਂ ਵੇਲੇ ਇਸ ਅਹੁਦੇ ਦੀ ਵਿਆਖਿਆ, 'ਇੱਕ ਖਾਸ ਅਧਿਕਾਰਤ ਹਸਤੀ, ਜੋ ਨਾਮਜ਼ਦ ਘੇਰੇ ਵਿੱਚੋਂ ਸਰਕਾਰੀ (ਜ਼ਮੀਨੀ) ਕਰ (ਮਾਮਲਾ) ਉਗਰਾਹੁੰਦੀ ਸੀ।' ਇੱਕ ਪਿੰਡ ਦੇ ਇੱਕ ਤੋਂ ਵੱਧ ਲੰਬੜਦਾਰ ਹੁੰਦੇ ਸਨ/ਹਨ। ਹਰ ਪੱਤੀ ਵਿੱਚੋਂ ਇੱਕ ਜਾਂ ਜ਼ਮੀਨੀ ਜਾਂ ਘਰ ਸਮੂਹਾਂ ਮਗਰ ਵੱਧ ਵੀ। ਹੁਣ ਲੰਬੜਦਾਰ ਨੂੰ ਨੰਬਰਦਾਰ ਕਿਹਾ ਜਾਂਦਾ ਹੈ, ਕਾਰਜ ਵੇਖੀਏ ਤਾਂ ਇਹੀ ਸ਼ਬਦ ਢੁੱਕਵਾਂ ਹੈ।

ਭਾਵੇਂ ਇਹ ਅਹੁਦਾ ਜ਼ਮੀਨ ਮਾਲਕੀ/ਜਾਇਦਾਦ ਤੇ ਲਿਆਕਤ ਨਾਲ ਸੰਬੰਧਤ ਹੈ, ਫਿਰ ਵੀ ਨਿਯੁਕਤੀ ਵਕਤ 'ਰੁਤਬਾ/ ਸਮਾਜ ਸੇਵਾ', ਸਿਆਸੀ ਸਰਗਰਮੀ ਜਾਂ ਧੜਾ (ਸਿਆਸੀ ਛਤਰ-ਛਾਇਆ ਜਾਂ ਅਫਸਰਸ਼ਾਹੀ ਸਿਫ਼ਾਰਸ਼) ਅਤੇ ਖਾਸ ਮਾਮਲੇ 'ਚ ਜਾਤ-ਬਰਾਦਰੀ ਵੀ ਅਸਰ-ਅੰਦਾਜ਼ ਹੁੰਦੀ ਹੈ। ਅੰਗਰੇਜ਼ਾਂ ਵਕਤ ਇਹ ਆਪਣੀ ਪੱਤੀ ਜਾਂ ਨਿਰਧਾਰਤ ਖਿੱਤੇ ਵਿੱਚੋਂ ਘਰੇਲੂ ਟੈਕਸ (ਚੁੱਲ੍ਹਾ ਕਰ) ਵੀ 'ਕੱਠੇ ਕਰਨ ਲਈ ਵੀ ਅਧਿਕਾਰਤ ਕੀਤੇ ਗਏ, ਪ੍ਰੰਤੂ ਵੇਲੇ ਦੇ ਹਾਕਮਾਂ (ਕਈ ਮਾਮਲਿਆਂ ਜਾਂ ਵਕਤ ਵਿਸ਼ੇਸ਼ ਹੁਣ ਵੀ) ਦਾ ਤਾਂ ਖਾਸ ਮਕਸਦ ਪਿੰਡ ਦੀਆਂ ਉਹ ਘਟਨਾਵਾਂ ਜਾਂ ਗਤੀਵਿਧੀਆਂ, ਜਿਹਨਾਂ ਦਾ ਸਰੋਕਾਰ ਰਾਜ (ਸਰਕਾਰ) ਨਾਲ ਹੋਵੇ ਜਾਂ ਜੋ ਇਲਾਕੇ ਦੀ ਫਿਜ਼ਾ ਜਾਂ ਸਟੇਟ (ਗੱਦੀ) ਨੂੰ ਅਸਰਅੰਦਾਜ਼ ਕਰਦੀਆਂ ਹੋਣ, ਬਾਰੇ ਕਨਸੋਅ ਪ੍ਰਾਪਤ ਕਰਨਾ ਪ੍ਰਮੁੱਖ ਸੀ। ਇਹੀ ਉਹ ਕਾਰਨ ਸੀ ਕਿ ਉਦੋਂ ਬਹੁਤ-ਬਹੁਤੇਰੇ ਲੰਬੜਦਾਰ ਹਾਕਮਾਂ ਦੀ ਖੁਸ਼ਨੂਦੀ ਪ੍ਰਾਪਤ ਕਰਨ ਅਤੇ ਅਖੌਤੀ ਭੱਲ ਖੱਟਣ ਹਿੱਤ ਸਰਕਾਰ ਦੇ ਮੁਕੰਮਲ ਹੱਥ ਠੋਕੇ ਬਣ ਗਏ ਦਰ-ਹਕੀਕਤ, ਇਹ ਜਬਰੀ ਕਰ ਉਗਰਾਹੀਆਂ ਅਤੇ ਹਾਕਮਾਂ ਦੇ ਸੂਹੀਏ ਜਾਂ ਰਿਸ਼ਵਤੀ ਕਿਰਦਾਰ ਹੀ ਸੀ ਕਿ ਲੰਬੜਦਾਰ ਦਾ ਖਾਸ ਵਕਤ ਮੱਥੇ ਲੱਗਣਾ ਵੀ ਬਦਸ਼ਗਨੀ ਸਮਝਿਆ ਜਾਣ ਲੱਗ ਪਿਆ ਸੀ। ਹਾਂ, ਜੰਗਿ-ਆਜ਼ਾਦੀ ਵਕਤ ਰਜਵਾੜੇ, ਅੰਗਰੇਜ਼ ਹਾਕਮ ਅਤੇ ਉਹਨਾਂ ਦੇ ਅਹਿਲਕਾਰ ਲੰਬੜਦਾਰਾਂ ਨੂੰ ਹਕੂਮਤ ਦੀਆਂ ਸਥਾਨਕ ਥੰਮ੍ਹੀਆਂ ਸਮਝਦੇ ਸਨ।

**ਲੰਬੜਦਾਰ, ਜਿਹਨਾਂ ਦੇਸ਼ ਭਗਤਾਂ (ਮੁਲਕ) ਨਾਲ ਖਰੀ ਨਹੀਂ ਕੀਤੀ :**

ਜ਼ਿਲ੍ਹਾ ਜਲੰਧਰ : ਲੰਬੜਦਾਰ ਗੇਂਦਾ ਸਿੰਘ ਪਿੰਡ ਘੁੜਿਆਲ (ਠਾਣਾ ਆਦਮਪੁਰ), ਬੂਟਾ ਨੰਗਲ ਸ਼ਾਮਾ (ਸਦਰ ਜਲੰਧਰ), ਗੁਰਦਿੱਤ ਸਿੰਘ ਹੇੜੀਆਂ (ਬੰਗਾ), ਵਰਿਆਮ ਸਿੰਘ ਪਾਸਲਾ (ਫਿਲੌਰ), ਸ਼ੇਰ ਸਿੰਘ ਤੇ ਜੀਵਨ ਸਿੰਘ ਸੂੰਢ (ਬੰਗਾ), ਬਸੰਤ ਸਿੰਘ ਕੰਦੋਲਾ (ਆਦਮਪੁਰ), ਹਰਨਾਮ ਸਿੰਘ-ਜਵਾਲਾ ਸਿੰਘ-ਭਗਵਾਨ ਸਿੰਘ ਤਿੰਨੋਂ ਪੰਡੋਰੀ ਨਿੱਜਰਾਂ (ਆਦਮਪੁਰ), ਮੰਗੂ-ਮੰਗਲ ਸਿੰਘ ਝਿੱਕਾ (ਬੰਗਾ), ਠਾਕੁਰ ਸਿੰਘ-ਮਿਲਖੀ ਸਿੰਘ-ਭੋਲਾ ਸਿੰਘ ਤਿੰਨੋਂ ਪੱਦੀ ਖਾਲਸਾ (ਫਿਲੌਰ) ਅਤੇ ਛੱਜੂ ਰਾਮ ਬੰਗਾ।

ਜ਼ਿਲ੍ਹਾ ਹੁਸ਼ਿਆਰਪੁਰ : ਲੰਬੜਦਾਰ ਰਾਮ ਦਿੱਤਾ ਉਰਫ ਕਾਕਾ ਪਿੰਡ ਬਿਛੋੜੀ (ਥਾਣਾ ਬਲਾਚੌਰ), ਕਿਸ਼ਨ ਚੰਦ ਕੌਲਗੜ੍ਹ (ਬਲਾਚੌਰ), ਗੁਲਾਮ ਗੌਂਸ ਕੌਲਗੜ੍ਹ (ਬਲਾਚੌਰ), ਨਬੀ ਬਖਸ਼ ਖੈਰੜ (ਮਾਹਿਲਪੁਰ), ਚਿਰਾਗ ਦੀਨ ਸ਼ਾਮਚੁਰਾਸੀ (ਹਰਿਆਣਾ), ਉੱਤਮ ਸਿੰਘ ਢਡਿਆਲ (ਗੜ੍ਹਸ਼ੰਕਰ), ਗੰਗਾ ਸਿੰਘ ਤੇ ਸਰਬਰਾਹ ਹਜ਼ਾਰਾ ਸਿੰਘ ਬਹਿਬਲਪੁਰ (ਮਾਹਿਲਪੁਰ), ਭਗਵਾਨ ਸਿੰਘ ਜੈਤਪੁਰ (ਮਾਹਿਲਪੁਰ), ਗਣੇਸ਼ਾ ਸਿੰਘ ਧਾਮੀਆਂ ਕਲਾਂ (ਹਰਿਆਣਾ), ਗੁਰਦਿੱਤਾ ਸਿੰਘ ਫੰਬੀਆਂ (ਹਰਿਆਣਾ), ਈਸ਼ਰ ਸਿੰਘ ਗਣੇਸ਼ਪੁਰ (ਮਾਹਿਲਪੁਰ), ਸੁੰਦਰ ਸਿੰਘ ਭਾਰਟਾ (ਮਾਹਿਲਪੁਰ), ਸਿਕੰਦਰ ਖਾਂ ਮਹਿਤਪੁਰ (ਬਲਾਚੌਰ) ਅਤੇ ਕਪੂਰਾ ਹਿਆਤਪੁਰ (ਗੜ੍ਹਸ਼ੰਕਰ)

ਜ਼ਿਲ੍ਹਾ ਅੰਮ੍ਰਿਤਸਰ ਤੇ ਹੋਰ ਜ਼ਿਲ੍ਹੇ : ਬਿਸ਼ਨ ਸਿੰਘ ਢਾਏ ਵਾਲਾ (ਸਰਹਾਲੀ), ਕੇਸਰ ਸਿੰਘ ਨਬੀਪੁਰ (ਪੱਟੀ) ਅਤੇ ਜ਼ੈਲਦਾਰ ਬਿਸ਼ਨ ਸਿੰਘ ਰਾਣੀ ਬੂਹਾ ਕਪੂਰਥਲਾ। (ਸਰੋਤ, 'ਹਿਸਟਰੀ ਆਫ ਦੀ ਬੱਬਰ ਅਕਾਲੀਜ਼' ਕਰਤਾ: ਹਿਸਟੋਰੀਅਨ ਬਖਸ਼ੀਸ਼ ਸਿੰਘ ਨਿੱਜਰ।' ਸਫੈਦਪੋਸ਼ ਵੀ ਖਰੇ ਨਹੀਂ ਨਿਕਲੇ :

ਸਫੈਦਪੋਸ਼ : ਸ਼ਬਦੀ ਅਰਥ ਕਰਨੇ ਹੋਣ ਤਾਂ ਸਫੈਦ ਮਾਇਨੇ ਚਿੱਟਾ, ਪੋਸ਼ ਤੋਂ ਭਾਵ ਪਹਿਨਣਾ ਅਰਥਾਤ ਚਿੱਟੇ ਪਰ ਸੁਥਰੇ ਲੀੜੇ-ਲੱਤੇ ਪਹਿਨਣ ਵਾਲਾ ਪੁਰਸ਼, ਕਿਉਂਕਿ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ (ਚਿੰਨ੍ਹ) ਹੈ, ਸੋ ਅਜਿਹੇ ਸੱਜਣ ਤੋਂ ਭਾਵ ਅਮਨ ਚਾਹੁਣ ਵਾਲੇ ਵਿਅਕਤੀ ਵਜੋਂ ਲਿਆ ਜਾਂਦਾ ਹੈ। ਸਫੈਦਪੋਸ਼ ਜ਼ੈਲਦਾਰਾਂ ਵਾਂਗ ਕੁਝ ਜ਼ਾਹਰਾ ਜਾਂ ਮੂਕ ਅਧਿਕਾਰਾਂ ਨਾਲ ਲੈਸ ਨਹੀਂ ਸੀ ਹੁੰਦੇ, ਪਰ ਘਰੋਂ ਸੌਖੇ ਤੇ ਹਾਕਮ-ਹਿੱਤੂ (ਜ਼ਿਲ੍ਹਾ ਅਹਿਲਕਾਰਾਂ ਦੇ ਨਜ਼ਰ-ਇ-ਅਨਾਇਤ) ਸਫੈਦਪੋਸ਼ ਆਪਣੇ-ਆਪ ਨੂੰ ਸਵੈ-ਸਿਰਜੇ ਜ਼ੈਲਦਾਰ ਹੀ ਸਮਝਦੇ ਸਨ, ਉਂਝ, ਸਰਕਾਰੇ-ਦਰਬਾਰੇ ਪੁੱਛ-ਪ੍ਰਤੀਤ ਵਧ ਜਾਣ ਦੇ ਬਾਵਜੂਦ ਇਹ ਜ਼ੈਲਦਾਰਾਂ ਵਾਕੁਨ 'ਖੱਬੀ-ਖਾਨ' ਵਜੋਂ ਸਥਾਪਤ ਨਾ ਹੋ ਸਕੇ। ਇਹ ਲੋਕ ਆਪਣੇ-ਆਪ ਨੂੰ ਵਿੱਚ-ਵਿਚਾਲੜਾ ਜਾਂ ਸਾਂਝਾ-ਮੀਂਝਾ ਹੋਣ ਦਾ ਭਰਮ ਪਾਲਦੇ ਸਨ। ਸੋ, ਜਦੋਂ ਬੱਬਰ ਅਕਾਲੀ ਲਹਿਰ ਵੇਲੇ ਸਰਕਾਰੀ ਅਮਨ ਕਮੇਟੀਆਂ ਬਣੀਆਂ ਜਾਂ ਅਮਨ ਸਭਾਵਾਂ ਕੀਤੀਆਂ ਗਈਆਂ, ਤਦ ਆਮ ਕਰਕੇ ਇਲਾਕੇ ਦੇ ਸਫੈਦਪੋਸ਼ ਹੀ ਇਹਨਾਂ ਦੇ ਪ੍ਰਧਾਨ ਬਣਾਏ ਗਏ, ਪਰ ਜਿਹੜੀ ਗੱਲ ਹਾਲੇ ਵੀ ਬਹੁਤਿਆਂ ਦੇ ਪੱਲੇ ਨਹੀਂ ਪੈਂਦੀ, ਉਹ ਇਹ ਕਿ ਪੀੜਤ ਅਤੇ ਜਾਬਰ ਵਿਚਾਲੇ ਕੋਈ ਵੀ ਵਿੱਚ-ਵਿਚਾਲਾ ਨਹੀਂ ਹੁੰਦਾ। ਦਰਅਸਲ ਤੁਸੀਂ ਸੋਚਣੀ ਜਾਂ ਅਮਲ ਵਜੋਂ ਇਧਰ ਹੁੰਦੇ ਹੋ ਜਾਂ ਉਧਰ, ਕੋਈ ਵੀ ਹਕੀਕੀ ਨਿਰਪੱਖਤਾ ਨਹੀਂ ਹੁੰਦੀ, ਸਦਾ ਹੀ ਇੱਕ ਮੂਕ-ਲਕੀਰ ਨਿਤਾਰਾ ਕਰਦੀ ਹੈ ਕਿ ਤੁਸੀਂ ਦੁਸ਼ਮਣ ਕੰਨੀ ਹੋ ਜਾਂ ਮਿੱਤਰ ਧਿਰ ਵੱਲ। ਹੁਣ ਵੀ ਇਵੇਂ ਹੈ ਤੇ ਸਦਾ ਹੀ ਇਵੇਂ ਰਹੇਗਾ। ਹਾਂ, ਇਹ ਸਫੈਦਪੋਸ਼ ਜਿਹੜੀ ਗੱਲ ਨਹੀਂ ਸੀ ਬੁਝ ਸਕੇ, ਉਹ ਇਹ ਕਿ ਤਸ਼ੱਦਦ ਦਾ ਮਤਲਬ ਜ਼ਾਹਰਾ ਜਾਂ ਤਿੱਖਾ ਸੰਘਰਸ਼ ਹੀ ਨਹੀਂ ਹੁੰਦਾ, ਸਰਕਾਰ ਆਪਣੇ 'ਨਿਯਮਾਂ/ਕਾਨੂੰਨਾਂ' ਨਾਲ ਵੀ ਮੂਕ ਪਰ ਕਰੂਰ ਤਸ਼ੱਦਦ ਕਰਦੀ ਹੈ, ਸਮੇਂ ਦਾ ਸੱਚ ਇਹੀ ਹੈ। ਬੱਬਰ ਲਹਿਰ ਵੇਲੇ ਜਿਹਨਾਂ ਸਫੈਦਪੋਸ਼ਾਂ ਨੇ ਹਕੂਮਤ ਪੱਖੀ ਉੱਭਰਵਾਂ ਕਿਰਦਾਰ ਨਿਭਾਇਆ, ਉਹ ਸਨ-ਹਰਨਾਮ ਸਿੰਘ ਮਹੱਦੀਪੁਰ (ਸ਼ਾਮਚੁਰਾਸੀ), ਸੰਤਾ ਸਿੰਘ ਜੰਡੂ ਸਿੰਘਾ (ਜਲੰਧਰ), ਕਰਤਾਰ ਸਿੰਘ ਹਰੀਪੁਰ (ਆਦਮਪੁਰ), ਅਮਰ ਸਿੰਘ ਕਾਲਾ ਬੱਕਰਾ (ਆਦਮਪੁਰ), ਭਗਵਾਨ ਸਿੰਘ ਹੇੜੀਆਂ (ਬੰਗਾ) ਅਤੇ ਜੈਮਲ ਖਾਨ ਅੱਪਰਾ (ਫਿਲੌਰ) ਆਦਿ। ਇੱਕ ਹੋਰ ਨਾ-ਮੁਰਾਦ ਵੰਨਗੀ ਝੋਲੀ-ਚੁੱਕਾਂ ਦੀ ਵੀ ਸੀ :

ਝੋਲੀਚੁੱਕ : ਦੇਸ਼ ਭਗਤਾਂ ਨਾਲ ਧ੍ਰੋਹ ਕਮਾਉਣ ਵਾਲਿਆਂ ਇਹਨਾਂ 'ਸੂਰਮਿਆਂ' ਦਾ ਉੱਘਾ ਕੰਮ ਵੱਡੇ ਜਾਂ ਸਰਕਾਰੇ-ਦਰਬਾਰੇ ਪਹੁੰਚ ਰੱਖਣ ਵਾਲਿਆਂ ਦੀ ਚਾਪਲੂਸੀ ਕਰਨੀ, ਉਹਨਾਂ ਨੂੰ ਮਸਾਲੇ ਲਾ ਕੇ ਖ਼ਬਰਾਂ ਦੇਣੀਆਂ ਅਤੇ ਨਿਰੋਲ ਆਪਣੇ ਮੁਫਾਦਾਂ ਜਾਂ ਜੀਭ ਦੇ ਸੁਆਦਾਂ ਲਈ ਅਖੌਤੀ ਵਗਾਰਾਂ ਕਰਨੀਆਂ। ਆਮ ਕਰਕੇ ਜਗੀਰਦਾਰਾਂ, ਜਿਹਨਾਂ ਵਿੱਚ ਜਗੀਰਦਾਰ/ਆਹਲਾ ਲੰਬੜਦਾਰ ਈਸ਼ਰ ਸਿੰਘ ਝਿੰਗੜ (ਬੰਗਾ), ਬਸੰਤ ਸਿੰਘ ਮਹੱਦੀਪੁਰ (ਆਦਮਪੁਰ), ਕਾਹਨ ਸਿੰਘ ਗੁਰਾਂ (ਫਿਲੌਰ) ਆਦਿ ਸਨ ਜਾਂ ਕੁਝ ਹੋਰ ਜਗੀਰੂ ਰੁਚੀਆਂ ਵਾਲਿਆਂ ਨੇ ਆਪੋ-ਆਪਣੇ ਜਾਂ ਆਪਣੇ ਇਲਾਕੇ ਦੇ ਝੋਲੀਚੁੱਕਾਂ ਨੂੰ ਜ਼ਿਆਦਾ ਸ਼ਿਸ਼ਕਾਰਿਆ ਹੋਇਆ ਸੀ। ਬਹੁਤੇ ਝੋਲੀ ਚੁੱਕ ਖੁਦ-ਜ਼ਾਫਤਾ ਸਰਗਰਮ ਸਨ, ਜਿਨ੍ਹਾਂ ਵਤਨੇ-ਆਜ਼ਾਦੀ ਦੀ ਲਹਿਰ ਨਾਲ ਬੱਜਰ ਧੋਖਾ ਕੀਤਾ। ਘੱਟ ਕੁਰਸੀ-ਨਸ਼ੀਨਾਂ ਨੇ ਵੀ ਨਹੀਂ ਸੀ ਕੀਤੀ।

ਕੁਰਸੀ-ਨਸ਼ੀਨ : ਸਰਕਾਰ ਪ੍ਰਸਤੀ, ਸੱਤਾ-ਇਛਾਵਾਂ ਜਾਂ ਕ੍ਰਮ ਵਜੋਂ ਇਹ ਜਗੀਰਦਾਰਾਂ, ਸਫੈਦਪੋਸ਼ਾਂ ਜਾਂ ਆਹਲਾ ਲੰਬੜਦਾਰਾਂ ਨਾਲ ਰਲਦੀ-ਮਿਲਦੀ ਦੇਸੀ ਨਸਲ ਸੀ/ਹੈ। ਸਰਕਾਰ ਵੱਲੋਂ ਅਧਿਕਾਰਤ ਨਾ ਹੋਣ ਦੇ ਬਾਵਜੂਦ ਘਰ-ਜਾਇਦਾਦ ਵਜੋਂ ਭਰੇ-ਭਕੁੰਨੇ ਇਹਨਾਂ 'ਭੱਦਰ-ਪੁਰਸ਼ਾਂ' ਨੂੰ ਉਹਨਾਂ ਗੁਲਾਮੀ ਵਕਤਾਂ 'ਚ ਵੀ ਸਰਕਾਰੀ ਸਭਾਵਾਂ, ਮੀਟਿੰਗਾਂ ਜਾਂ ਦਫਤਰਾਂ ਵਿੱਚ ਕੁਰਸੀ ਜ਼ਰੂਰ ਮਿਲਦੀ ਸੀ। ਕੁਰਸੀ 'ਤੇ ਬੈਠ ਸਕਣ ਦੀ ਪਹੁੰਚ ਕਾਰਨ ਹੀ ਇਹਨਾਂ ਫੁੱਲ-ਕੁੱਪਿਆਂ ਦੀ ਅੱਲ 'ਕੁਰਸੀ-ਨਸ਼ੀਨ' ਪੈ ਗਈ। ਬੱਸ, ਇਹ ਐਨੇ ਕੁ ਨਾਲ ਹੀ ਬਾਗੋ-ਬਾਗ ਸਨ। ਭਲਾ! ਹੋਣ ਵੀ ਕਿਉਂ ਨਾ, ਉਦੋਂ ਜਦੋਂ ਸਭਾ-ਪਰ੍ਹਿਆਂ ਵਿੱਚ ਸਿਰਫ ਰੁਤਬੇ ਮੁਤਾਬਕ ਹੀ ਕੁਰਸੀ, ਮੰਜਾ, ਦਰੀ, ਜੁੱਲਾ ਮਿਲਦਾ ਹੋਵੇ ਅਤੇ ਹਾਕਮਾਂ, ਅਹਿਲਕਾਰਾਂ ਜਾਂ ਜਾਇਦਾਦੀਆਂ ਦੀ ਨਜ਼ਰ ਵਿੱਚ ਜਮਾਂ ਹੀ ਗਏ-ਗੁਜ਼ਰਿਆਂ ਜਾਂ ਅਖੌਤੀ ਮੰਗ-ਖਾਣੀਆਂ ਜਾਤਾਂ ਜਾਂ ਕੰਮੀ-ਕਮੀਣਾਂ ਨੂੰ ਭੁੰਜੇ ਬੈਠਣਾ ਹੀ ਨਸੀਬ ਹੁੰਦਾ ਹੋਵੇ ਤਾਂ ਕੁਰਸੀ-ਨਸ਼ੀਨਾਂ ਵੱਲੋਂ ਹਾਕਮਾਂ ਦੇ 'ਪਰਉਪਕਾਰੀ ਅਹਿਸਾਨ' ਦਾ ਮੁੱਲ ਤਾਂ ਮੋੜਨਾ ਹੀ ਪੈਣਾ ਸੀ, ਉਹਨਾਂ ਦੇਸ਼-ਭਗਤਕ ਲਹਿਰ ਨੂੰ ਠਿੱਬੀ ਲਾਉਣ ਦੀ ਕੋਸ਼ਿਸ਼ ਵਜੋਂ ਅਜਿਹਾ ਕੀਤਾ ਵੀ।

**ਸੰਪਰਕ** : 94634-39075

# ਜੰਗਬਾਜ਼ਾਂ ਫਿਰ ਰਲ਼-ਮਿਲ਼ ਕੇ ਜੰਗ ਛੇੜ ਲਈ

ਸ਼ੀਸ਼ੇ ਦੇ ਫੁੱਲ ਦੇਖ ਨਾ ਹੋਵੇ-56

ਸੁਰਜੀਤ ਸੁਮਨ

ਇਸ ਵਾਰ ਪੂਰਨਮਾਸ਼ੀ ਦੇ ਚੰਨ ਨੂੰ ਮੈਂ ਉਵੇਂ ਨਹੀਂ ਵੇਖ ਸਕਿਆਂ, ਜਿਵੇਂ ਆਮ ਵਾਂਗ ਤੱਕਦਾ ਰਿਹਾਂ। ਏਸ ਚੰਨ ਵਿੱਚ ਬੈਠੀ ਚਰਚਾ ਕੱਤਦੀ ਬੁੱਢੀ ਮਾਂ ਦੇ ਗ਼ਮਗੀਨ ਉੱਤਰੇ ਚਿਹਰੇ ਨੇ ਜ਼ਰੂਰ ਵੈਣ ਪਾਏ ਹੋਣਗੇ। ਸ਼ਾਇਦ ਇਸੇ ਲਈ ਹੁਣ ਹੰਭੀ-ਹਾਰੀ ਬੇਸੁੱਧ ਜਿਹੀ ਹੋ ਕੇ ਬੈਠੀ ਜਾਪਦੀ ਹੈ। ਉਸ ਦਾ ਦਰਦ ਵੰਡਾਉਣ ਕੋਈ ਨਹੀਂ ਆਇਆ ਹੋਵੇਗਾ। ਇਸ ਵਾਰੀ ਇਸ ਦੀਆਂ ਸੀਤਲ ਕਿਰਨਾਂ ਵਿੱਚੋਂ ਮੈਨੂੰ ਚੀਕਾਂ, ਹੌਕੇ-ਹਾਵਿਆਂ ਤੇ ਗ਼ਮਾਂ ਦਾ ਸੈਲਾਬ ਉਮੜ ਆਇਆ ਦਿਖਾਈ ਦੇਣ ਲਗਦਾ ਹੈ। ਐਸੇ ਮਾਹੌਲ ਵਿੱਚ ਕੀ ਕੀ ਸੋਚਣ ਲਗ ਪਿਆ ਹੈ ਮੇਰਾ ਮਨ? ਅਮਰੀਕੀ-ਇਜ਼ਰਾਇਲੀ ਹਮਲੇ ਵਿੱਚ ਇਰਾਨੀ ਮਿਨਾਬ ਦੇ ਐਲੀਮੈਂਟਰੀ ਸਕੂਲ ਦੀਆਂ ਫੌਤ ਹੋਈਆਂ ਬੇਕਸੂਰ ਬੱਚੀਆਂ ਦੀ ਕੁਰਲਾਹਟ ਤੇ ਇਨ੍ਹਾਂ ਦੇ ਜਨਾਜ਼ੇ ਵਿੱਚ ਸ਼ਾਮਿਲ ਲੋਕਾਂ ਦੀ ਦਿਲ ਨੂੰ ਹਲੂਣ ਕੇ ਰੱਖ ਦੇਣ ਵਾਲ਼ੀ ਚੀਖ਼-ਪੁਕਾਰ ਨੇ ਮੇਰੇ ਮਨ ਦਾ ਸਮੁੱਚਾ ਅੰਬਰ ਤਿੱਪ ਤਿੱਪ ਚੋਣ ਲਾ ਦਿੱਤਾ ਹੈ। ਸੋਚਦਾ ਹਾਂ, ਜਿਸ ਵੇਲ਼ੇ ਪੂਰਨਮਾਸ਼ੀ ਦੇ ਚੰਨ ਦੀਆਂ ਪਹਿਲੀਆਂ ਕਿਰਨਾਂ ਇਨ੍ਹਾਂ ਬੱਚੀਆਂ ਦੀਆਂ ਸਮੂਹਿਕ ਕਬਰਾਂ 'ਤੇ ਪਈਆਂ ਹੋਣਗੀਆਂ, ਐਨ ਉਦੋਂ ਈ ਉੱਥੇ ਜ਼ਰੂਰ ਅਮਾਵਸ ਛਾ ਗਈ ਪ੍ਰਤੀਤ ਹੋਈ ਹੋਵੇਗੀ।

ਜੰਗ ਤਾਂ ਹਮੇਸ਼ਾ ਲੱਗੀ ਰਹਿੰਦੀ ਆ ਭਾਅਜੀ ! ਹੁਣ ਤਾਂ ਸਿਰਫ ਡਰੋਨ ਚੱਲੇ ਹਨ। ਮਿਜ਼ਾਈਲਾਂ ਦਾਗੀਆਂ ਗਈਆਂ ਹਨ। ਜਹਾਜ਼ ਉੱਡੇ ਹਨ। ਕਾਲ਼ੇ ਧੂੰਏ ਦੇ ਗੁਬਾਰ ਫੈਲੇ ਹਨ। ਇਹ ਮਨੁੱਖੀ ਮਨ ਹਮੇਸ਼ਾ ਪੰਗੇ ਲੈਂਦਾ ਰਹਿੰਦੈ। ਇਹ ਟਿਕ ਕੇ ਕਦੋਂ ਬੈਠਦੈ? ਸ਼ੈਤਾਨੀ ਮਨ ਤੇ ਸਾਧਾਰਨ ਮਨ ਵਿੱਚ ਬੜਾ ਫਰਕ ਹੁੰਦੈ। ਸਾਧਾਰਨ ਮਨ ਜਿਸ ਵੇਲ਼ੇ ਸਕੂਨ ਭਾਲ਼ ਰਿਹਾ ਹੁੰਦੈ, ਐਨ ਓਸੇ ਵੇਲ਼ੇ ਸ਼ੈਤਾਨੀ ਮਨ ਛਿੰਬੜਾਂ ਛੇੜ ਰਿਹਾ ਹੁੰਦੈ। ਏਸ ਪਿੱਛੇ ਵੀ ਉਸ ਦਾ ਕੋਈ ਨਾ ਕੋਈ ਗਹਿਰਾ ਮਕਸਦ ਛੁਪਿਆ ਹੁੰਦੈ। ਸਮਾਂ ਮਿਲ਼ਦਿਆਂ ਹੀ ਜਿਸ ਨੂੰ ਉਸ ਹੱਲ ਕਰਨਾ ਹੁੰਦੈ। ਛੁਪ ਕੇ ਬੈਠੇ ਨਾਗ ਵਾਂਗ। ਘਾਤ ਲਗਾ ਕੇ ਬੈਠੇ ਚੀਤੇ ਵਾਂਗ। ਛਹਿ ਕੇ ਬੈਠੀ ਸ਼ਾਤਰ ਬਿੱਲੀ ਵਾਂਗ। ਸ਼ਿਕਾਰੀ ਦਾ ਨਿਸ਼ਾਨਾ ਸਿਰਫ ਸ਼ਿਕਾਰ ਹੁੰਦੈ। ਨਿਗਲ਼ੇ ਜਾ ਰਹੇ ਸ਼ਿਕਾਰ ਬਣੇ ਪ੍ਰਾਣੀ 'ਤੇ ਕੀ ਕੀ ਬੀਤੇਗੀ, ਉਨ੍ਹਾਂ ਦੀ ਜਾਣੇ ਬਲਾਅ। ਸੋਚਦਾ ਹਾਂ ਮਿਜ਼ਾਈਲਾਂ ਦਾਗ ਰਹੇ, ਡਰੋਨ ਉਡਾ ਰਹੇ ਜਾਂ ਬੰਬਾਰੀ ਕਰ ਰਹੇ ਸੈਨਿਕਾਂ ਦੇ ਮਨਾਂ ਵਿੱਚ ਕੀ ਚੱਲ ਰਿਹਾ ਹੋਵੇਗਾ? ਅਜਿਹੇ ਸੈਨਿਕ ਆਪਣੇ ਧੀਆਂ-ਪੁੱਤਾਂ, ਪਤਨੀ, ਮਾਂ-ਪਿਓ, ਭੈਣ-ਭਰਾਵਾਂ ਤੋਂ ਵਿਛੜਨ ਵੇਲ਼ੇ ਕਿਹੋ ਜਿਹੀਆਂ ਪ੍ਰਸਥਿਤੀਆਂ ਵਿੱਚੋਂ ਲੰਘ ਕੇ ਆਏ ਹੁੰਦੇ ਹੋਣਗੇ? ਕੀ ਮਿਨਾਬ ਦੀਆਂ ਸਕੂਲੀ ਬੱਚੀਆਂ ਨੂੰ ਉਡਾਉਣ ਲੱਗਿਆਂ ਉਨ੍ਹਾਂ ਨੂੰ ਆਪਣੀਆਂ ਬਾਲੜੀਆਂ ਦਾ ਰਤਾ ਕੁ ਖਿਆਲ ਤੱਕ ਵੀ ਨਈਂ ਆਇਆ ਹੋਵੇਗਾ? ਮਨ ਮੰਨਦਾ ਨਈਂ ਭਾਅ ਜੀ ! ਖਿ ?ਆਲ ਤਾਂ ਜ਼ਰੂਰ ਆਇਆ ਹੋਵੇਗਾ। ਯਾਦਾਂ ਬਿਜਲੀ ਦੀ ਤਾਰ ਵਾਂਗ ਫਿਰੀਆਂ ਤਾਂ ਹੋਣਗੀਆਂ, ਮਨ-ਮਸਤਕ ਵਿੱਚ। ਦੇਖਿਆ ਜਾਵੇ ਨੌਕਰ ਦੀ ਕੀ ਔਕਾਤ? ਸੈਨਿਕ ਦੀ ਕੀ ਔਕਾਤ? ਜਿਨ੍ਹਾਂ ਬੇਦਰਦਾਂ ਨੇ ਆਪਣੇ ਦਿਲ ਦੀ ਖਿੜਕੀ ਭੇੜ ਕੇ ਦੂਰ ਦੇਸ਼ ਦੇ ਨਾਗਰਿਕਾਂ ਨੂੰ ਕਬਰਾਂ ਵਿੱਚ ਤਬਦੀਲ ਕਰ ਦੇਣ ਦੇ ਹੁਕਮ ਸੁਣਾਏ ਹੋਣਗੇ। ਇਹ ਨਿਰਾ ਧੱਕਾ ਐ। ਮਾਸੂਮ ਤੇ ਬੇਕਸੂਰ ਨਾਗਰਿਕਾਂ, ਕਿਸੇ ਵੀ ਦੇਸ਼ ਦੇ ਬੱਚਿਆਂ, ਜਿਨ੍ਹਾਂ ਨੂੰ ਉਨ੍ਹਾਂ ਦੇ ਮਾਪੇ ਆਪਣਾ ਭਵਿੱਖ ਚਿਤਵ ਲੈਂਦੇ ਹੋਣ, ਉਨ੍ਹਾਂ ਨੂੰ ਮਾਰ ਕੇ ਕੀ ਸਾਬਤ ਕਰ ਰਹੇ ਹੁੰਦੇ ਹਨ ਅਜਿਹੇ ਪਾਪੀ ਲੋਕ? ਅਜਿਹੇ ਪਲਾਂ ਵਿੱਚ ਉਨ੍ਹਾਂ ਲਈ ਦੁਆਵਾਂ ਦਾ ਕਾਲ਼ ਤਾਂ ਪੈ ਹੀ ਜਾਂਦਾ ਹੋਵੇਗਾ। ਬੇਵਸ ਮਨਾਂ ਵਿੱਚੋਂ ਬਦ-ਦੁਆਵਾਂ ਦੇ ਗੁਬਾਰ ਫੁੱਟਦੇ ਰਹਿੰਦੇ ਹੋਣਗੇ। ਕਾਸ਼ ! ਅਜਿਹੇ ਲੋਕ ਬਦ-ਦੁਆਵਾਂ ਦੀ ਬਜਾਇ ਦੁਆਵਾਂ ਦੀ ਸੌਦਾਗਰੀ ਕਰਨ ਲੱਗ ਪੈਣ। ਪਰ ਇੰਝ ਕਿੱਥੇ ਹੋਣੈ? ਇਹ ਨਿਰਾ ਭਰਮ ਹੀ ਹੈ ਅਸਾਡਾ, ਤੁਹਾਡਾ।

ਜੰਗ ਤਾਂ ਹਮੇਸ਼ਾ ਲੱਗੀ ਈ ਰਹਿੰਦੀ ਆ ਭਾਅਜੀ ! ਜਲ ਵਿੱਚ, ਥਲ ਵਿੱਚ, ਆਕਾਸ਼ ਵਿੱਚ, ਪਾਤਾਲ਼ ਵਿੱਚ। ਕਈ ਜਿਊਣ ਲਈ ਜੰਗ ਲੜਦੇ ਹਨ ਤੇ ਕਈ ਮੌਤ ਲਈ। ਜਿਸ ਕੋਲ਼ ਜੋ ਕੁਝ ਹੈ, ਉਹ ਉਸ ਤੋਂ ਜ਼ਿਆਦਾ ਪਾਉਣ, ਹੰਢਾਉਣ, ਹਥਿਆਉਣ ਲਈ ਜੰਗ ਛੇੜਦਾ ਹੈ। ਦੂਸਰਿਆਂ ਖਿਲਾਫ ਜੰਗ ਛੇੜਨ ਲਈ ਹਥਿਆਰਾਂ ਨਾਲ਼ ਮੋਹ ਪਾਲ਼ਣ ਵਾਲ਼ੇ ਲੋਕਾਂ ਦੀ ਕਮੀ ਕਿੱਥੇ ਹੈ? ਜਿਸ ਕੋਲ਼ ਜਿੰਨੇ ਜ਼ਿਆਦਾ ਹਥਿਆਰ, ਉਸ ਕੋਲ਼ ਓਨੀ ਜ਼ਿਆਦਾ ਤਾਕਤ। ਅਜਿਹਾ ਮਨੁੱਖ ਹਥਿਆਰਾਂ ਦੇ ਜ਼ਰੀਏ ਨਿਹੱਥੇ ਲੋਕਾਂ 'ਤੇ ਰੋਅਬ ਜਮਾਉਣ ਲਈ ਆਪਣੀ ਸੁੱਕੀ ਹੈਂਕੜ ਪੁਗਾਉਂਦਾ ਹੈ। ਭਲੇਮਾਣਸ ਬੰਦੇ ਦਾ ਇਸ ਜ਼ਮਾਨੇ ਵਿੱਚ ਜਿਊਣਾ ਦੁੱਭਰ ਹੋ ਜਾਂਦਾ ਹੈ। ਸਖਤੇ ਦਾ ਸੱਤੀਂ-ਵੀਹੀਂ ਸੌ। ਉਂਝ ਕਿਸੇ ਪਿੰਡ, ਕਿਸੇ ਸ਼ਹਿਰ ਸਾਦੀ ਜਿਹੀ ਦੁਕਾਨਦਾਰੀ ਕਰਦਾ ਬੰਦਾ ਈ ਕਈ ਵਾਰੀ ਮਾਣ ਨਹੀਂ ਹੁੰਦਾ। ਉਹ ਆਪਣੇ ਆਂਢੀ-ਗੁਆਂਢੀ ਨਾਲ਼ ਪੰਗਾ ਪਾਉਣ ਲਈ ਵਿਆਕੁਲ ਰਹਿੰਦੈ। ਕਿਉਂ? ਆਪਣਾ ਤੇ ਆਪਣੇ ਵਪਾਰ ਦਾ ਵਿਸਥਾਰ। ਆਪਣੇ ਆਪ ਨੂੰ ਦੂਜਿਆਂ ਤੋਂ ਵੱਡਾ, ਤਾਕਤਵਰ ਸਾਬਤ ਕਰਨ ਦੀ ਲਲਕ। ਇਸ ਲਲਕ ਲਈ ਉਹ ਬੁਰੇ ਦੀ ਹੱਦ ਤੱਕ ਜਾਣ ਦੀ ਠਾਣ ਲੈਂਦਾ ਹੈ। ਸੌ ਸੌ ਕਿੱਲਿਆਂ ਵਾਲ਼ਾ ਜ਼ਿਮੀਂਦਾਰ ਆਪਣੇ ਗੁਆਂਢੀ ਕੋਲ਼ ਦੋ-ਚਾਰ ਕਨਾਲ਼ਾਂ ਨਈਂ ਜਰਦਾ। ਉਹ ਕਿਵੇਂ ਨਾ ਕਿਵੇਂ ਇਨ੍ਹਾਂ ਦੋ-ਚਾਰ ਕਨਾਲ਼ਾਂ ਤੇ ਆਲ਼ੇ-ਦੁਆਲ਼ੇ ਦੀ ਬਹੁਤੀ ਜ਼ਮੀਨ ਹਥਿਆ ਕੇ ਇਲਾਕੇ ਵਿੱਚ ਵੱਡੇ ਜ਼ਿਮੀਂਦਾਰ ਵਜੋਂ ਸਥਾਪਤ ਹੋਣਾ ਲੋਚਦਾ ਹੈ। ਓਹਦੇ ਮਨ ਦੀ ਇਹੀ ਲੋਚਾ ਉਸ ਨੂੰ ਬੇਹਾਲ ਕਰੀ ਰੱਖਦੀ ਹੈ। ਇਹੀ ਵਿਆਕੁਲਤਾ ਉਸ ਤੋਂ ਉਹ ਹਰ ਜਾਇਜ਼-ਨਾਜਾਇਜ਼ ਕੰਮ ਕਰਵਾਉਂਦੀ ਹੈ, ਜਿਸ ਲਈ ਪਹਿਲਾਂ ਪਹਿਲ ਤਾਂ ਉਸ ਦੀ ਜ਼ਮੀਰ ਰਾਜ਼ੀ ਨਹੀਂ ਹੁੰਦੀ ਹੋਵੇਗੀ। ਫਿਰ ਹੌਲ਼ੀ ਹੌਲ਼ੀ ਭਰਮਿਤ ਹੋਏ ਬੰਦੇ ਦੀ ਜ਼ਮੀਰ ਆਪੇ ਮਾਰੀ ਜਾਂਦੀ ਹੈ। ਸੌਦਾਗਰੀ ਦਾ ਪਹਿਲਾ ਸਬਕ ਹੀ ਇੱਥੋਂ ਸ਼ੁਰੂ ਹੁੰਦਾ ਹੈ ਸ਼ਾਇਦ।

ਯੂਟਿਊਬ ਫਰੋਲਦਿਆਂ ਇੱਥੇ ਬੈਠੇ ਵਿਦਵਾਨਾਂ ਦੇ ਵਿਚਾਰ ਸੁਣਨ ਲਗਦਾ ਹਾਂ। ਕੁਝ ਕੁਝ ਧਰਵਾਸ ਹੁੰਦਾ। ਹੋਰ ਨਹੀਂ ਤਾਂ ਕਥਾਰਸਿਸ ਤਾਂ ਹੋ ਰਿਹੈ। ਪਰ ਬਹੁਤੇ ਆਪੋ ਆਪਣੀ ਬਿਮਾਰ ਸੋਚ ਦੇ ਘੋੜੇ ਦੁੜਾਉਂਦੇ ਅੱਗੇ ਦੀ ਅੱਗੇ ਲੰਘ ਜਾਂਦੇ ਹਨ। ਹਮਲਿਆਂ ਨਾਲ਼ ਉੱਚੀਆਂ ਉੱਚੀਆਂ ਇਮਾਰਤਾਂ ਢਹਿ-ਢੇਰੀ ਹੋਈਆਂ ਦਿਖਾਈ ਦੇਣ ਲਗਦੀਆਂ ਹਨ। ਪੰਛੀਆਂ ਦੀ ਕੁਰਲਾਹਟ, ਆਲ਼ੇ-ਦੁਆਲ਼ੇ ਤੇ ਬਨਸਪਤੀ ਦੀਆਂ ਧੂਅ ਧੂਅ ਕਰਕੇ ਮੱਚ ਉੱਠਣ ਦੀਆਂ ਵੀਡੀਓਜ਼। ਫੋਨ ਪਰ੍ਹਾਂ ਰੱਖ ਦਿੰਦਾ ਹਾਂ। ਮਨ ਵਿੱਚ ਉੱਠਦੀਆਂ ਇਨ੍ਹਾਂ ਈ ਸੋਚਾਂ, ਭੰਨਾਂ-ਘੜਤਾਂ ਵਿੱਚੋਂ ਉੱਭਰਨ ਦੀ ਬੇਕਾਰ ਕੋਸ਼ਿਸ਼ ਕਰਦਾ ਹਾਂ। ਬਾਈ ਦਲੇਰ ਸਿੰਘ ਦੇ ਫੋਨ ਨੇ ਧਿਆਨ ਖਿੱਚਿਆ, ਉਹਦੀ ਗੱਲ ਸੁਣਨ ਲਗਦਾ ਹਾਂ। 'ਛੋਟੇ ਭਾਈ ਬਹੁਤੇ ਦੇਸ਼ ਇਸ ਜੰਗ ਵਿੱਚ ਕੁੱਦ ਪਏ ਲਗਦੇ ਨੇ। ਕਈਆਂ ਨੂੰ ਤਾਂ ਗਲ਼ ਪਿਆ ਢੋਲ ਵਜਾਉਣਾ ਪੈ ਰਿਹੈ। ਤਬਾਹੀ ਦੇ ਮੰਜ਼ਰ ਸਾਫ ਦਿਖਾਈ ਦੇਣ ਲੱਗ ਪਏ ਨੇ। ਆਪਸੀ ਵਪਾਰ ਠੱਪ ਹੋ ਕੇ ਰਹਿ ਗਏ ਹਨ। ਬੰਦਰਗਾਹਾਂ 'ਤੇ ਵਪਾਰਕ ਬੇੜੇ ਇੱਕ ਦੂਜੇ ਦੇ ਮੂੰਹਾਂ ਵੱਲ ਖਾਲੀ ਖਾਲੀ ਨਜ਼ਰਾਂ ਨਾਲ਼ ਹੌਰੂੰ ਹੌਰੂੰ ਝਾਕਦੇ ਦਿਖਾਈ ਦਿੰਦੇ ਹਨ। ਵੱਖ ਵੱਖ ਦੇਸ਼ਾਂ ਵਿੱਚ ਰੋਜ਼ੀ-ਰੋਟੀ ਕਮਾਉਣ ਗਏ ਲੋਕਾਂ ਦੀ ਜਾਨ ਮੁੱਠੀ ਵਿੱਚ ਆਈ ਹੋਈ ਹੈ। ਬਹੁ-ਮੰਜ਼ਲੀ ਇਮਾਰਤਾਂ ਵਿੱਚ ਰਹਿ ਰਹੇ ਲੋਕਾਂ ਦੇ ਸਾਹ ਸੁੱਕੇ ਪਏ ਹਨ। ਕੀ ਪਤਾ ਕਦੋਂ ਇਹ ਇਮਾਰਤਾਂ ਮਲਬੇ ਦੇ ਢੇਰ ਵਿੱਚ ਤਬਦੀਲ ਹੋ ਜਾਣ। ਇਨ੍ਹਾਂ ਵਿੱਚ ਰਹਿੰਦੇ ਲੋਕਾਂ ਨੂੰ ਅਗਲਾ ਸਾਹ ਲੈਣ ਦਾ ਵੀ ਮੌਕਾ ਮਿਲ਼ੇ ਨਾ ਮਿਲ਼ੇ। ਛੋਟੇ ਭਾਈ ਆਪਣੇ ਕਿੰਨੇ ਈ ਰਿਸ਼ਤੇਦਾਰ, ਜਾਣਕਾਰ ਦੁਬਈ ਤੇ ਹੋਰ ਗਲਫ ਕੰਟਰੀਆਂ ਵਿੱਚ ਗਏ ਹੋਏ ਨੇ। ਕਹਿੰਦੇ ਆਪਣੇ ਐਮੀ ਵਿਰਕ ਦੀ ਦਾ ਪਰਿਵਾਰ ਵੀ ਦੁਬਈ ਫਸਿਆ ਬੈਠੈ। ਰੱਬ ਖ਼ੈਰ ਕਰੇ।'

ਸੜਕ 'ਤੇ ਲੰਘੇ ਜਾਂਦੇ ਮੋਟਰਸਾਈਕਲਾਂ ਦੀਆਂ ਕੰਨ-ਪਾੜਵੀਆਂ ਆਵਾਜ਼ਾਂ ਤੇ ਇਨ੍ਹਾਂ 'ਤੇ ਬੈਠੇ ਦੋ ਦੋ ਤਿੰਨ ਹੁਲੜਬਾਜ਼, ਰੰਗਾਂ ਨਾਲ਼ ਮੂੰਹ-ਸਿਰ ਲਬੇੜੀ ਬੇਮੁਹਾਰੇ ਦਨਦਨਾਉਂਦੇ ਦਹਾੜ ਕਿਉਂ ਰਹੇ ਹਨ? ਗਲ਼ੀਆਂ-ਬਾਜ਼ਾਰਾਂ ਵਿੱਚ ਕੋਹਰਾਮ ਮਚਿਆ ਹੋਇਆ ਹੈ। ਖੁੱਲ੍ਹੇ-ਡੁੱਲ੍ਹੇ ਕੱਪੜੇ ਪਹਿਨੀ ਔਰਤਾਂ, ਕੁੜੀਆਂ-ਮੁੰਡੇ ਹੋਲੀ ਦੇ ਰੰਗ ਵਿੱਚ ਰੰਗੇ ਹੋਏ ਹਨ। ਕਈਆਂ ਪਤਾ ਨਹੀਂ ਕਿਹੋ ਜਿਹੇ ਨਸ਼ੇ ਕੀਤੇ ਹੋਏ ਹਨ, ਉਨ੍ਹਾਂ ਤੋਂ ਪੈਰ ਪੁੱਟਿਆ ਨਈਂ ਜਾ ਰਿਹਾ। ਲਿਵ-ਇਨ 'ਚ ਰਹਿ ਰਹੇ ਕਈ ਜੋੜੇ ਆਪਣੀ ਮਸਤੀ ਵਿੱਚ ਹਨ। ਹੋਲੀ ਦੇ ਰੰਗਾਂ ਵਿੱਚ ਲਿਪਟੀ ਇੱਕ ਅਧਨੰਗੀ ਜਿਹੀ ਕੁੜੀ ਝੂਮਦੀ ਝੂਮਦੀ ਉਲਟੀਆਂ ਕਰਨ ਲਗਦੀ ਹੈ। ਪਰ੍ਹਾਂ ਬੁੱਲ ਡੌਗ ਨੇ ਇੱਕ ਹੋਰ ਕੁੱਤੇ ਨੂੰ ਆਪਣੇ ਨੁਕੀਲੇ ਦੰਦਾਂ ਵਿੱਚ ਜਕੜਿਆ ਹੋਇਆ ਹੈ। ਹੋਲੀ ਦੇ ਰੰਗ, ਜੰਗਬਾਜ਼ਾਂ ਵੱਲੋਂ ਖੇਡੀ ਜਾ ਰਹੀ ਖੂਨ ਦੀ ਹੋਲੀ ਵਿੱਚ ਵਟਦੇ ਦਿਖਾਈ ਦੇਣ ਲਗਦੇ ਹਨ। ਡਰ ਤੇ ਸਹਿਮ ਨਾਲ਼ ਫਰਕਦੇ ਮੇਰੇ ਬੁੱਲ੍ਹਾਂ ਵਿੱਚੋਂ ਇਹ ਬੋਲ ਆਪ-ਮੁਹਾਰੇ ਕਿਰਨ ਲਗਦੇ ਹਨ, 'ਡੌਲ ਸੀ ਖਿੜ ਖਿੜ ਹੱਸਦੀ, ਨੋਚ-ਉਧੇੜ ਲਈ/ ਬੇਦਰਦਾ ਨੇ ਦਿਲ ਦੀ ਖਿੜਕੀ ਭੇੜ ਲਈ/ ਸੌਦਾਗਰ ਨੇ ਕੈਸਾ ਜਾਲ਼ ਵਿਛਾਇਆ ਏ/ ਜੰਗਬਾਜ਼ਾਂ ਫਿਰ ਰਲ਼-ਮਿਲ਼ ਕੇ ਜੰਗ ਛੇੜ ਲਈ।'

**ਸੰਪਰਕ** : 98144-30874



# ਨਾਬਰੀ ਦਾ ਪ੍ਰਵਚਨ-ਨਾਰੀ ਦਿਵਸ

ਨਰਿੰਦਰ ਕੌਰ ਸੋਹਲ

8 ਮਾਰਚ 'ਕੌਮਾਂਤਰੀ ਮਹਿਲਾ ਦਿਵਸ' ਸਾਰੇ ਸੰਸਾਰ ਵਿਚ ਔਰਤਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਨ ਵਜੋਂ ਮਨਾਇਆ ਜਾਂਦਾ ਹੈ, ਜਿਸ ਦਾ ਵੱਡਾ ਇਤਿਹਾਸਕ ਮਹੱਤਵ ਹੈ। ਅਸਲ ਵਿੱਚ ਮਹਿਲਾ ਦਿਵਸ ਇੱਕ ਮਜ਼ਦੂਰ ਅੰਦੋਲਨ ਦੀ ਉਪਜ ਹੈ। ਇਤਿਹਾਸ ਵੱਲ ਨਜ਼ਰ ਮਾਰੀਏ ਤਾਂ ਇਸ ਦਾ ਮੁੱਢ ਸਾਲ 1908 ਵਿੱਚ ਬੱਝਿਆ, ਜਦੋਂ 15 ਹਜ਼ਾਰ ਔਰਤਾਂ ਨੇ ਨਿਊਯਾਰਕ ਸ਼ਹਿਰ ਵਿੱਚ ਮਾਰਚ ਕੱਢਿਆ ਤੇ ਕੰਮ ਦੇ ਘੰਟੇ ਘਟਾਉਣ ਦੀ ਮੰਗ ਕੀਤੀ। ਇਸ ਦੇ ਨਾਲ ਹੀ ਉਨ੍ਹਾਂ ਦੀ ਇੱਕ ਮੰਗ ਇਹ ਵੀ ਸੀ ਕਿ ਉਨ੍ਹਾਂ ਦੀ ਤਨਖਾਹ ਵਧਾਉਣ ਦੇ ਨਾਲ-ਨਾਲ ਵੋਟ ਪਾਉਣ ਦਾ ਹੱਕ ਵੀ ਦਿੱਤਾ ਜਾਵੇ। ਇਸ ਤੋਂ ਠੀਕ ਇੱਕ ਸਾਲ ਬਾਅਦ ਅਮਰੀਕਾ ਦੀ 'ਸੋਸ਼ਲਿਸਟ ਪਾਰਟੀ' ਨੇ ਇਸ ਦਿਨ ਨੂੰ 'ਕੌਮੀ ਮਹਿਲਾ ਦਿਵਸ' ਐਲਾਨ ਦਿੱਤਾ। 1910 ਵਿੱਚ ਜਰਮਨ ਦੀ ਸੋਸ਼ਲ ਡੈਮੋਕ੍ਰੇਟਿਕ ਪਾਰਟੀ ਦੀ ਕਲਾਰਾ ਜੇਟਕਿਨ ਨੇ 'ਕੋਪਨਹੇਗਨ' ਵਿੱਚ ਕੰਮਕਾਜੀ ਔਰਤਾਂ ਦੀ ਇੱਕ 'ਕੌਮਾਂਤਰੀ ਕਾਨਫਰੰਸ' ਦੌਰਾਨ ਇਸ ਦਿਨ ਨੂੰ ਵਿਸ਼ਵ ਪੱਧਰ 'ਤੇ ਮਨਾਉਣ ਦਾ ਸੁਝਾਅ ਦਿੱਤਾ। ਉਸ ਸਮੇਂ ਉੱਥੇ 17 ਦੇਸਾਂ ਦੀਆਂ ਲੱਗਭੱਗ 100 ਔਰਤਾਂ ਹਾਜ਼ਰ ਸਨ ਅਤੇ ਉਹਨਾਂ ਨੇ ਇਸ ਮਤੇ ਦੀ ਪੂਰਨ ਹਮਾਇਤ ਕੀਤੀ। ਸਭ ਤੋਂ ਪਹਿਲਾਂ 1911 ਵਿੱਚ ਆਸਟਰੀਆ, ਡੈਨਮਾਰਕ, ਜਰਮਨੀ ਅਤੇ ਸਵਿਟਜ਼ਰਲੈਂਡ ਵਿੱਚ ਕੌਮਾਂਤਰੀ ਮਹਿਲਾ ਦਿਵਸ ਮਨਾਇਆ ਗਿਆ। ਪਹਿਲਾਂ ਇਸ ਨੂੰ 'ਕੌਮਾਂਤਰੀ ਕੰਮਕਾਜੀ ਔਰਤ ਦਿਵਸ' ਵਜੋਂ ਹੀ ਜਾਣਿਆ ਜਾਂਦਾ ਸੀ।

25 ਮਾਰਚ 1911 ਨੂੰ ਨਿਊਯਾਰਕ ਦੀ ਟਰਾਇੰਗਲ ਕੱਪੜਾ ਫੈਕਟਰੀ ਵਿੱਚ ਅੱਗ ਲੱਗ ਗਈ ਤੇ ਫੈਕਟਰੀ ਵਿੱਚ ਸੁਰੱਖਿਆ ਦੀ ਘਾਟ ਕਾਰਨ 140 ਤੋਂ ਵੱਧ ਔਰਤ ਮਜ਼ਦੂਰਾਂ ਦੀ ਸੜ ਕੇ ਮੌਤ ਹੋ ਗਈ ਕਿਉਂਕਿ ਕੰਮ ਦੌਰਾਨ ਪ੍ਰਬੰਧਕ ਸਾਰੇ ਦਰਵਾਜ਼ੇ ਬੰਦ ਰੱਖਦੇ ਸਨ, ਜਿਸ ਕਾਰਨ ਅੱਗ ਲੱਗਣ 'ਤੇ ਔਰਤਾਂ ਬਾਹਰ ਨਾ ਨਿਕਲ ਸਕੀਆਂ। ਮਜ਼ਦੂਰਾਂ ਦੇ ਕੰਮ ਕਰਨ ਦੀ ਅਜਿਹੀ ਸਥਿਤੀ ਦੇ ਵਿਰੁੱਧ ਤੇ ਜ਼ਿਆਦਾ ਤਨਖਾਹ ਦੇ ਕਾਨੂੰਨ ਦੀ ਮੰਗ ਹੁਣ ਔਰਤਾਂ ਦੇ ਅੰਦੋਲਨ ਦਾ ਮੁੱਖ ਮੁੱਦਾ ਬਣ ਗਈ। ਇਸ ਨਾਲ ਔਰਤਾਂ 'ਚ ਆਪਣੇ ਕੰਮਕਾਜੀ ਹਾਲਤ ਨੂੰ ਲੈ ਕੇ ਬਗਾਵਤ ਹੋਰ ਤੇਜ਼ ਹੋਈ ਤੇ ਔਰਤਾਂ ਲਈ ਵੋਟ ਦੇ ਅਧਿਕਾਰ ਦੀ ਮੰਗ ਵੀ ਤੇਜ਼ੀ ਨਾਲ ਉੱਠੀ। 1917 ਵਿੱਚ ਵਿਸ਼ਵ ਜੰਗ ਦੌਰਾਨ ਰੂਸ ਦੀਆਂ ਔਰਤਾਂ ਨੇ 'ਬ੍ਰੈਡ ਐਂਡ ਪੀਸ' (ਖਾਣਾ ਤੇ ਸ਼ਾਂਤੀ) ਦੀ ਮੰਗ ਕੀਤੀ। ਉਸ ਸਮੇਂ ਰੂਸ ਵਿੱਚ 'ਜੂਲੀਅਨ ਕੈਲੰਡਰ' ਵਰਤਿਆ ਜਾਂਦਾ ਸੀ, ਜਿਸ ਅਨੁਸਾਰ ਹੜਤਾਲ ਵਾਲੇ ਦਿਨ 23 ਫਰਵਰੀ ਸੀ, ਪਰ 'ਗ੍ਰੇਗੋਰੀਅਨ ਕੈਲੰਡਰ' ਵਿੱਚ ਇਹ ਦਿਨ 8 ਮਾਰਚ ਸੀ। 1975 ਵਿੱਚ 'ਸੰਯੁਕਤ ਰਾਸ਼ਟਰ ਮਹਾਂਸੰਘ' ਨੇ 8 ਮਾਰਚ ਨੂੰ 'ਅੰਤਰਰਾਸ਼ਟਰੀ ਮਹਿਲਾ ਦਿਵਸ' ਘੋਸ਼ਿਤ ਕਰ ਦਿੱਤਾ। ਉਸ ਮਗਰੋਂ ਪੂਰੀ ਦੁਨੀਆ ਵਿੱਚ ਇਹ ਦਿਨ ਮਨਾਇਆ ਜਾਣ ਲੱਗਿਆ ਹੈ। ਕਈ ਦੇਸ਼ਾਂ ਵਿੱਚ ਤਾਂ ਇਸ ਦਿਨ ਕੌਮੀ ਛੁੱਟੀ ਦਾ ਐਲਾਨ ਕੀਤਾ ਜਾਂਦਾ ਹੈ। ਕਈ ਦੇਸ਼ਾਂ ਵਿੱਚ ਇਸ ਦਿਨ ਫੁੱਲਾਂ ਦੀ ਕੀਮਤ ਵਧ ਜਾਂਦੀ ਹੈ, ਕਿਉਂਕਿ ਔਰਤਾਂ ਤੇ ਮਰਦ ਇੱਕ-ਦੂਜੇ ਨੂੰ ਫੁੱਲ ਦਿੰਦੇ ਹਨ। ਚੀਨ ਦੇ ਵਧੇਰੇ ਦਫ਼ਤਰਾਂ ਵਿੱਚ ਅੱਧੇ ਦਿਨ ਦੀ ਛੁੱਟੀ ਕੀਤੀ ਜਾਂਦੀ ਹੈ। ਮਾਰਚ ਦਾ ਪੂਰਾ ਮਹੀਨਾ 'ਵਿਮੈਨ ਹਿਸਟਰੀ ਮੰਥ' ਵਜੋਂ ਮਨਾਇਆ ਜਾਂਦਾ ਹੈ।

ਏਨਾ ਕੁੱਝ ਹਾਂ-ਪੱਖੀ ਹੋਣ ਦੇ ਬਾਵਜੂਦ ਔਰਤ ਦੀ ਸਥਿਤੀ ਵਿੱਚ ਸੁਧਾਰ ਨਹੀਂ ਆਇਆ। ਅਸਲ ਵਿੱਚ ਔਰਤ ਇਕੱਲੇ 'ਪੁਰਸ਼ ਸਮਾਜ' ਦੀ ਗੁਲਾਮ ਨਹੀਂ (ਜਿਵੇਂ ਕਿ ਭੁਲੇਖਾ ਪਾਇਆ ਜਾਂਦਾ ਹੈ) ਸਗੋਂ ਪੂੰਜੀਵਾਦ ਪ੍ਰਬੰਧ ਦੀ ਗੁਲਾਮ ਹੈ। ਐਪਸਟੀਨ ਫਾਈਲਾਂ ਰਾਹੀਂ ਜੋ ਸੱਚ ਸਾਹਮਣੇ ਆਇਆ ਹੈ, ਉਹ ਪੂੰਜੀਵਾਦ ਦੇ ਨਿਜ਼ਾਮ ਦਾ ਕਰੂਰ ਸ਼ੀਸ਼ਾ ਹੈ, ਜੋ ਇਸ ਦੀ ਹੈਵਾਨੀਅਤ ਨੂੰ ਦਿਖਾਉਂਦਾ ਹੈ। ਜੈਫਰੀ ਐਪਸਟੀਨ ਅਮਰੀਕਾ ਦਾ ਉਹ ਵਸਨੀਕ ਜੋ ਸੈਕਸ ਟਰੈਫਿਕਿੰਗ ਦਾ ਵੱਡਾ ਨੈੱਟਵਰਕ ਚਲਾਉਂਦਾ ਸੀ। ਪੂਰੀ ਦੁਨੀਆ ਤੋਂ ਵੱਖਰੀ ਅਤੇ ਅਜੀਬ ਤਰ੍ਹਾਂ ਦੀ ਦੁਨੀਆ ਉਸ ਨੇ ਆਪਣੇ ਪ੍ਰਾਈਵੇਟ ਆਈਲੈਂਡ 'ਤੇ ਵਸਾਈ ਹੋਈ ਸੀ। ਜਿੱਥੇ ਨਾਬਾਲਗ ਬੱਚੀਆਂ ਨਾਲ ਉਹ ਕੁਕਰਮ ਕਰਦਾ ਸੀ ਅਤੇ ਅਮੀਰ ਤਾਕਤਵਰ ਲੋਕਾਂ ਨੂੰ ਵੀ ਸਹੂਲਤਾਂ ਮੁਹੱਈਆ ਕਰਾਉਂਦਾ ਸੀ, ਭਾਵ ਨਬਾਲਗ ਕੁੜੀਆਂ ਉਹਨਾਂ ਦੇ ਮਨੋਰੰਜਨ ਲਈ ਵੀ ਪੇਸ਼ ਕਰਦਾ ਸੀ। ਉਹ ਅੱਜ ਦੇ ਸਮੇਂ ਵਿੱਚ ਤਾਕਤ, ਪੂੰਜੀ ਅਤੇ ਸ਼ੋਸ਼ਣ ਦੇ ਗੱਠਜੋੜ ਦੀ ਨੰਗੀ ਮਿਸਾਲ ਬਣ ਕੇ ਸਾਹਮਣੇ ਆਇਆ ਹੈ। ਉਸ ਦੀ ਨੇੜਤਾ ਵੱਡੇ-ਵੱਡੇ ਰਾਜਨੇਤਾਵਾਂ ਨਾਲ ਸੀ। ਇਹ ਸਾਰੇ ਤਾਕਤਵਰ ਅਮੀਰ ਲੋਕ ਬਿਜ਼ਨਸ ਸੰਧੀਆਂ ਅਤੇ ਅੱਯਾਸ਼ੀਆਂ ਕਰਦੇ ਸਨ। ਐਪਸਟੀਨ ਵਰਗੇ ਘਾਤਕ ਕਿਰਦਾਰ ਸਾਬਤ ਕਰਦੇ ਹਨ ਕਿ ਤਾਕਤਵਰ ਵਰਗ ਆਪਣੇ ਰਾਜਨੀਤਕ, ਆਰਥਿਕ ਅਤੇ ਸਾਮਰਾਜੀ ਹਿੱਤਾਂ ਲਈ ਔਰਤ ਅਤੇ ਉਸ ਦੇ ਜਿਸਮ ਨੂੰ ਸੌਦੇਬਾਜ਼ੀ ਦੇ ਸਾਧਨ ਵਜੋਂ ਵਰਤਦਾ ਹੈ। ਐਪਸਟੀਨ ਕਾਂਡ ਕੋਈ ਛੋਟੀ ਘਟਨਾ ਨਹੀਂ, ਬਲਕਿ ਅਜਿਹੀ ਭਿਆਨਕ ਕਹਾਣੀ ਹੈ, ਜਿਸ ਵਿਚ ਤਾਕਤ ਅਤੇ ਦੌਲਤ ਦਾ ਗਠਜੋੜ ਸਭ ਕੁਝ ਖਰੀਦ ਲੈਂਦਾ। ਜਿੱਥੇ ਸਮਾਜ ਅਤੇ ਕਾਨੂੰਨ ਬੇਬੱਸ ਹੋ ਜਾਂਦਾ ਹੈ। ਪੂੰਜੀਵਾਦ ਦ ੀ

ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : **Chand Singh @ Chand Fatehpuri** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.


ਪ੍ਰਕਾਸ਼ਕ, ਛਾਪਕ ਤੇ ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ** : nawanzamana@gmail.com * Web : www.nawanzamana.in

## .ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ

(ਮੌਲਿਕ ਲਿਖਤਾਂ)
**ਗੁਰਮੀਤ ਕੱਲਰਮਾਜਰੀ (ਡਾ.)**
**ਪੰਨੇ : 296, ਮੁੱਲ : 400 ਰੁਪਏ**
**ਕੈਲੀਬਰ ਪਬਲੀਕੇਸ਼ਨ, ਪਟਿਆਲਾ**

# ਜਾਤੀ ਸਮਾਜ ਦੀਆਂ ਵਿਭਿੰਨ ਪਰਤਾਂ ਨਾਲ ਜੂਝਦਾ ਦਸਤਾਵੇਜ਼



**ਫੋਕਸ**



## ਚਰਚਾ ਇਕ ਪੁਸਤਕ ਦੀ

**ਡਾ. ਅਰਵਿੰਦਰ ਕਾਕੜਾ**

ਡਾ. ਗੁਰਮੀਤ ਕੱਲਰਮਾਜਰੀ ਨੇ ਸਾਹਿਤ ਖੇਤਰ ਵਿੱਚ ਆਪਣੀ ਇੱਕ ਵੱਖਰੀ ਪਹਿਚਾਣ ਸਥਾਪਤ ਕੀਤੀ ਹੈ। ਕਵਿਤਾ ਅਤੇ ਸੰਪਾਦਨਾ ਵਿੱਚ ਵਿਲੱਖਣ ਪੈੜਾਂ ਪਾਉਂਦੇ ਹੋਏ ਡਾ. ਗੁਰਮੀਤ ਕੱਲਰਮਾਜਰੀ ਖੋਜ ਦੇ ਖੇਤਰ ਵਿੱਚ ਵੀ ਆਪਣੀ ਬਣਦੀ ਭੂਮਿਕਾ ਨਿਭਾਉਂਦੇ ਹਨ। ਉਹ ਅਜੋਕੇ ਹਾਸ਼ੀਆਗਤ ਲੋਕਾਂ ਦੀ ਹੋਣੀ ਪਿਛਲੀ ਜੜ੍ਹ ਨੂੰ ਆਪਣੇ ਨਜ਼ਰੀਏ ਤੋਂ ਵਾਚਦੇ ਹੋਏ ਜਾਤੀ ਸੰਰਚਨਾ ਨੂੰ ਇਤਿਹਾਸਕ ਪ੍ਰਸੰਗ ਵਿੱਚ ਰੱਖ ਕੇ ਘੋਖ-ਪੜਤਾਲ ਕਰਦੇ ਹਨ। ਉਹ ਆਪਣੇ ਅਧਿਐਨ ਲਈ ਨਿੱਠ ਕੇ ਕੰਮ ਕਰਦੇ ਹਨ। ਸਮਾਜ ਅੰਦਰਲੀ ਜਾਤ ਉਤਪੀੜਨਤਾ ਪ੍ਰਤੀ ਫ਼ਿਕਰਮੰਦੀ ਉਹਨਾਂ ਦੀਆਂ ਲਿਖਤਾਂ ਵਿੱਚੋਂ ਆਪ-ਮੁਹਾਰੇ ਸਾਹਮਣੇ ਆਉਂਦੀ ਹੈ। ਇਸ ਮਹੱਤਵਪੂਰਨ ਸਵਾਲ ਦੇ ਸਨਮੁੱਖ ਹੁੰਦਿਆਂ ਕਿ ਇਸ ਜਾਤੀ ਸਮਾਜ ਦੀ ਜਕੜ ਤੋਂ ਮਨੁੱਖ ਕਦੋਂ ਮੁਕਤ ਹੋਵੇਗਾ, ਬਾਰੇ ਡਾ. ਗੁਰਮੀਤ ਹਮੇਸ਼ਾ ਸੰਵਾਦ ਛੇੜਦਾ ਹੈ।ਜਾਤੀ ਪੀੜਤ ਸਮਾਜ ਅੰਦਰਲੀਆਂ ਵਿੱਥਾਂ, ਤ੍ਰਾਸਦੀਆਂ, ਮਾਨਸਿਕ ਉਲਝਣਾਂ ਤੇ ਵਿਤਕਰੇ ਨੂੰ ਦੂਰ ਕਰਨ ਦੀਆਂ ਆਵਾਜ਼ਾਂ ਨਾਲ ਹਾਂ ਮਿਲਾਉਂਦਿਆਂ ਤੇ ਲਿਖਤਾਂ ਰਾਹੀਂ ਅਜਿਹੀਆਂ ਭਾਵਨਾਵਾਂ ਨੂੰ ਪਾਠਕਾਂ ਸਾਹਮਣੇ ਰੱਖਣਾ ਡਾ. ਗੁਰਮੀਤ ਕੱਲਰਮਾਜਰੀ ਦਾ ਲੇਖਣ ਕਰਮ ਹੈ। ਏਸੇ ਪ੍ਰਵਾਹ ਦੇ ਸਨਮੁੱਖ ਹੁੰਦਿਆਂ ਡਾ. ਸਾਹਿਬ ਦੀ ਨਵੀਂ ਪੁਸਤਕ 'ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਅਤੇ ਆਦਿ-ਧਰਮ' ਇੱਕ ਮੁੱਲਵਾਨ ਤੇ ਖੋਜ-ਪੂਰਵਕ ਸੰਪਾਦਿਤ ਪੁਸਤਕ ਹੈ।ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਜੋ ਧਰਮ ਮੰਡਲ ਦੇ ਮੋਢੀ ਆਗੂ ਰਹੇ, ਜਿਨ੍ਹਾਂ ਨੇ ਦੱਬੇ-ਕੁਚਲੇ ਲੋਕਾਂ ਦੀ ਆਵਾਜ਼ ਉਠਾਈ। ਉਨ੍ਹਾਂ ਦੀ ਸ਼ਖਸੀਅਤ ਦਾ ਵਿਲੱਖਣਮਈ ਪੱਖ ਜੋ ਇੱਕ ਲੇਖਕ ਦੇ ਰੂਪ ਵਿਚ ਹੈ, ਉਹ ਕਿਤੇ ਨਾ ਕਿਤੇ ਅਣਗੌਲਿਆਂ ਰਹਿ ਗਿਆ। ਉਸ ਬਾਰੇ ਪਾਠਕਾਂ ਨੂੰ ਜਾਣੂ ਕਰਵਾਉਣਾ ਜ਼ਰੂਰੀ ਬਣ ਜਾਂਦਾ ਹੈ। ਉਨ੍ਹਾਂ ਨੇ ਦਲਿਤ ਚੇਤਨਾ ਨਾਲ ਲਬਰੇਜ਼ ਕਾਵਿ ਰਚਨਾ ਦੇ ਨਾਲ-ਨਾਲ ਰਾਜਨੀਤਕ ਤੌਰ 'ਤੇ ਚੇਤੰਨ ਵਾਰਤਕ ਰਚਨਾ ਵੀ ਕੀਤੀ ਹੈ। ਉਸ ਦੀਆਂ ਇਹ ਰਚਨਾਵਾਂ 'ਆਦੀ ਡੰਕਾ' : ਵਿੱਚ ਛਪਦੀਆਂ ਰਹੀਆਂ ਹਨ। ਇਨ੍ਹਾਂ ਮੁੱਲਵਾਨ ਰਚਨਾਵਾਂ ਨੂੰ ਇਕੱਠਾ ਕਰਕੇ ਡਾ. ਗੁਰਮੀਤ ਕੱਲਰਮਾਜਰੀ ਨੇ ਇਸ ਪੁਸਤਕ ਦੇ ਰਾਹੀਂ ਸੰਪਾਦਿਤ ਕੀਤਾ।ਗ਼ਦਰ ਲਹਿਰ ਵਿਚ ਕੰਮ ਕਰਦਿਆਂ ਬਾਬਾ ਬਾਬੂ ਮੰਗੂ ਰਾਮ ਸਮਾਜ ਵਿਚਲੀ ਜਾਤ ਦੀ ਅਸਾਵੀਂ ਵੰਡ ਨੂੰ ਵੀ ਗੰਭੀਰਤਾ ਨਾਲ ਵਾਚਦੇ ਰਹੇ। ਇਸ ਲਈ ਉਨ੍ਹਾਂ ਦੇ ਕੀਤੇ ਕਾਰਨਾਮੇ ਆਦਿ ਧਰਮ ਦੀ ਸਥਾਪਨਾ, ਇਸ ਦੇ ਪਿਛਲੇ ਮੰਤਵ, ਕਾਰਵਾਈਆਂ ਆਦਿ ਨੂੰ ਵਿਉਂਤਬੱਧ ਕਰਕੇ ਪਾਠਕਾਂ ਦੇ ਸਾਹਮਣੇ ਰੱਖਣਾ ਤੇ ਉਨ੍ਹਾਂ ਦੀਆਂ ਲਿਖਤਾਂ ਅੰਦਰਲੀ ਸੁਰ ਨੂੰ ਪਹਿਚਾਨਣਾ ਇਸ ਕਿਤਾਬ ਦੀ ਮੁੱਖ ਖੂਬੀ ਬਣ ਸਾਹਮਣੇ ਆਉਂਦੀ ਹੈ।

ਇਸ ਅਸਾਵੇਂ ਵਿਕਾਸ ਵਾਲੇ ਮੁਲਕ ਵਿੱਚ ਜਾਤ ਦੀ ਜਕੜ ਏਨੀ ਜ਼ਿਆਦਾ ਪੀਡੀ ਹੈ ਕਿ ਸਦੀਆਂ ਬੀਤਣ ਦੇ ਬਾਵਜੂਦ ਇਸ ਦੀ ਜਕੜ ਨੂੰ ਤੋੜਿਆ ਨਹੀਂ ਗਿਆ, ਕਿਉਂਕਿ ਇਸ ਦੀ ਅਸਲ ਜੜ੍ਹ ਇਸ ਆਰਥਿਕ, ਸਮਾਜਿਕ ਪ੍ਰਬੰਧ ਦੀ ਦੇਣ ਹੈ। ਇਸ ਸਮੁੱਚੇ ਪ੍ਰਬੰਧ ਦੀ ਤਬਦੀਲੀ ਤੋਂ ਬਿਨਾਂ ਜਾਤ ਪ੍ਰਥਾ ਨੂੰ ਖਤਮ ਕਰਨਾ ਅਧੂਰਾ ਜਾਪਦਾ ਹੈ। ਇਸ ਗੱਲ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਦਲਿਤ ਵਰਗ ਜਾਤ ਦੇ ਆਧਾਰ 'ਤੇ ਮਾਨਸਿਕ ਤੇ ਸਮਾਜਿਕ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ। ਇਸ ਲੁੱਟ ਵਾਲੇ ਸਮਾਜ ਵਿਰੁੱਧ ਚਾਰ ਵਾਕ, ਮਹਾਤਮਾ ਬੁੱਧ, ਭਗਤੀ ਲਹਿਰ ਤੇ ਗੁਰੂ ਸਾਹਿਬਾਨ ਨੇ ਵੀ ਆਵਾਜ਼ ਉਠਾਈ। ਜਦੋਂ ਦੇਸ਼ ਦੀ ਆਜ਼ਾਦੀ ਦੀਆਂ ਲਹਿਰਾਂ ਚੱਲੀਆਂ ਤਾਂ ਉਸ ਸਮੇਂ ਵੀ ਜਾਤੀ ਵਿਵਸਥਾ ਦੇ ਵਿਰੁੱਧ ਤਿੱਖੀਆਂ ਆਵਾਜ਼ਾਂ ਸਾਹਮਣੇ ਆਉਣੀਆਂ ਸ਼ੁਰੂ ਹੋ ਗਈਆਂ। ਪੇਰੀਆਰ, ਅੰਬੇਦਕਰ ਦੀਆਂ ਪ੍ਰਤੀਰੋਧੀ ਸੁਰਾਂ ਜਿੱਥੇ ਜਾਤੀ ਸਮਾਜ 'ਤੇ ਤਿੱਖਾ ਵਾਰ ਕਰਦੀਆਂ ਰਹੀਆਂ ਤੇ ਇਸ ਪ੍ਰਤੀ ਲੋਕਾਂ ਨੂੰ ਸੁਚੇਤ ਵੀ ਕਰਦੀਆਂ ਰਹੀਆਂ, ਉੱਥੇ ਆਦਿ ਧਰਮ ਮੰਡਲ ਲਹਿਰ ਵੀ ਆਪਣਾ ਪ੍ਰਭਾਵ ਦਿਖਾਉਂਦੀ ਹੋਈ ਜਾਤੀ ਪ੍ਰਬੰਧ ਦੇ ਵਿਰੁੱਧ ਇੱਕ ਮਾਹੌਲ ਪੈਦਾ ਕਰਦੀ ਹੈ। ਸਮਾਜ ਵਿਚਲਾ ਇਹ ਰੋਹ ਕਿਸ ਰੂਪ ਵਿੱਚ ਅੱਗੇ ਵਧਦਾ ਹੈ, ਉਸ ਬਾਰੇ ਇਸ ਪੁਸਤਕ ਵਿੱਚ ਤੱਥਾਂ ਅਧਾਰਤ ਸਾਹਮਣੇ ਲਿਆਉਣ ਦੀ ਮਹੱਤਵਪੂਰਨ ਕੋਸ਼ਿਸ਼ ਕੀਤੀ ਗਈ ਹੈ। ਇਸ ਪੁਸਤਕ ਵਿਚਲੀ ਸਮੁੱਚੀ ਸਮੱਗਰੀ ਨੂੰ ਦੋ ਭਾਗਾਂ ਵਿੱਚ ਵੰਡ ਕੇ ਡਾ. ਗੁਰਮੀਤ ਕੱਲਰਮਾਜਰੀ ਨੇ ਆਪਣੀ ਸੁਚੇਤਨਾ ਦਾ ਪ੍ਰਮਾਣ ਦਿੱਤਾ ਹੈ।

ਜਦੋਂ ਇਸ ਪੁਸਤਕ ਵਿੱਚੋਂ ਦੀ ਲੰਘਦੇ ਹਾਂ ਤਾਂ ਸਭ ਤੋਂ ਪਹਿਲਾਂ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜੀਵਨ, ਵਿਕਾਸ, ਵਿਚਾਰਧਾਰਾ, ਗਤੀਵਿਧੀਆਂ ਨਾਲ ਰੂਬਰੂ ਹੁੰਦਿਆਂ ਉਨ੍ਹਾਂ ਦੁਆਰਾ ਸਥਾਪਤ ਕੀਤੇ ਗਏ ਆਦਿ ਧਰਮ ਅੰਦਰਲੀਆਂ ਧਾਰਨਾਵਾਂ ਤੇ ਉਸ ਦੇ ਵਿਕਾਸ ਬਾਰੇ ਭਰਪੂਰ ਜਾਣਕਾਰੀ ਪ੍ਰਾਪਤ ਹੁੰਦੀ ਹੈ, ਉਥੇ ਆਦਿ ਧਰਮ ਦੀ ਸਾਰਥਿਕਤਾ ਬਾਰੇ ਵੀ ਬਹੁਤ ਸਾਰੇ ਪ੍ਰਮਾਣ ਮਿਲਦੇ ਹਨ।

ਇਸੇ ਹੀ ਸੰਦਰਭ ਵਿੱਚ ਇਹ ਪੁਸਤਕ ਆਦਿ ਧਰਮ ਦੇ ਵਿਕਾਸ ਤੇ ਨਿਕਾਸ ਲਈ ਹੋਈਆਂ ਵੱਖੋ-ਵੱਖਰੀਆਂ ਮੀਟਿੰਗਾਂ ਬਾਰੇ ਵੀ ਜਾਣਕਾਰੀ ਕਰਾਉਂਦੀ ਹੈ। ਇਹ ਪੁਸਤਕ ਬਾਬਾ ਬਾਬੂ ਮੰਗੂ ਰਾਮ ਦੀਆਂ ਯਾਦਾਂ, ਗਦਰ ਲਹਿਰ ਤੋਂ ਆਦਿ ਧਰਮ ਤੱਕ ਬਾਬਾ ਜੀ ਦਾ ਜੀਵਨ ਦਾ ਸਫ਼ਰ ਬਾਰੇ ਵਰਣਨ ਕਰਦੀ ਹੈ, ਉਥੇ ਪੰਜਾਬ ਵਿੱਚ ਆਦਿ ਧਰਮ ਅੰਦੋਲਨ, ਗਦਰੀ ਬਾਬਾ ਬਾਬੂ ਮੰਗੂ ਰਾਮ ਤੇ ਆਦਿ ਧਰਮ ਲਹਿਰ, ਧਰਮ ਦਾ ਮਘਦਾ ਸੂਰਜ ਆਦਿ ਵੱਖ-ਵੱਖ ਚਿੰਤਕਾਂ ਦੁਆਰਾ ਲਿਖੇ ਗਏ ਆਰਟੀਕਲ ਵੀ ਇਸ ਵਿੱਚ ਸ਼ਾਮਲ ਕਰਦੀ ਹੈ। ਜੀਤਾ ਰਾਮ 'ਰਾਹਲ', ਪ੍ਰੋਫੈਸਰ ਗਿਆਨ ਚੰਦਰ ਕੌਲ, ਸੀ ਐੱਲ ਚੁੰਬਰ, ਚਤਰਸੇਨ, ਪਰੇਮ ਕੁਮਾਰ ਚੁੰਬਰ (ਕੈਲੇਫੋਰਨੀਆ), ਡਾ. ਮਾਰਕ ਜਰਗਨਜ਼ਮਾਇਰ, ਪੀ.ਐੱਚ.ਡੀ, ਸੀ.ਐੱਲ. ਚੁੰਬਰ, ਰੌਣਕੀ ਰਾਮ (ਡਾ.), ਬਲਬੀਰ ਮਾਧੋਪੁਰੀ, ਡਾ. ਜਸਵੰਤ ਰਾਇ ਸਾਹਰੀ ਆਦਿ ਵਿਦਵਾਨਾਂ ਦੇ ਇਸ ਵਿੱਚ ਮਹੱਤਵਪੂਰਨ ਨਿਬੰਧ ਵੀ ਛਾਪੇ ਗਏ ਹਨ, ਜਿਨ੍ਹਾਂ ਨੂੰ ਪੜ੍ਹ ਕੇ ਬਾਬਾ ਮੰਗੂ ਰਾਮ ਬਾਰੇ ਤੇ ਆਦਿ ਧਰਮ ਬਾਰੇ ਵੱਖੋ-ਵੱਖਰੇ ਪੱਖਾਂ ਦੀ ਮਹੱਤਵਪੂਰਨ ਜਾਣਕਾਰੀ ਪ੍ਰਾਪਤ ਹੁੰਦੀ ਹੈ।

ਇਸ ਪੁਸਤਕ ਦੇ ਦੂਜੇ ਭਾਗ ਵਿੱਚ ਸੰਪਾਦਕ ਨੇ ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਦੇ ਰਾਜਨੀਤਕ ਕਾਰਜਾਂ ਨੂੰ ਕੇਂਦਰ ਵਿੱਚ ਰੱਖਦੇ ਹੋਏ ਆਦਿ ਧਰਮ ਦੇ ਮੂਲ ਸੰਕਲਪਾਂ ਨੂੰ ਵੀ ਇਸ ਵਿੱਚ ਬਿਆਨਿਆ ਹੈ। ਗੁਰੂ ਰਵਿਦਾਸ ਮਹਾਰਾਜ ਦੇ ਵਿਚਾਰਾਂ ਦਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਉੱਪਰ ਕਿਵੇਂ ਪ੍ਰਭਾਵ ਪਿਆ, ਨਾਲੋਂ-ਨਾਲ ਉਸ ਸਮੇਂ ਦੀ ਸਥਿਤੀ ਨੂੰ ਬਾਬਾ ਨੇ ਕਿਵੇਂ ਪਕੜਿਆ, ਇਸ ਬਾਰੇ ਬਹੁਤ ਸਾਰੀਆਂ ਘਟਨਾਵਾਂ ਤੇ ਕਾਰਵਾਈਆਂ ਦਾ ਜ਼ਿਕਰ ਇਸ ਪੁਸਤਕ ਵਿੱਚੋਂ ਮਿਲਦਾ ਹੈ।

ਇਸ ਭਾਗ ਦੀ ਮਹੱਤਤਾ ਇਹ ਵੀ ਨਜ਼ਰ ਆਉਂਦੀ ਹੈ ਕਿ ਇਸ ਵਿੱਚੋਂ ਸਪੱਸ਼ਟ ਰੂਪ ਵਿੱਚ ਝਲਕਦਾ ਹੈ ਕਿ ਗ਼ਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ ਦੀ ਸੋਚ ਤੇ ਦ੍ਰਿਸ਼ਟੀ ਨੂੰ ਨਿਖਾਰਨ ਦੇ ਲਈ ਕਿਹੜੇ ਕਾਰਕ ਸਹਾਈ ਹੁੰਦੇ ਹਨ। ਉਨ੍ਹਾਂ ਨੇ ਗ਼ਦਰ ਲਹਿਰ ਵਿੱਚ ਕੰਮ ਕਰਨ ਸਮੇਂ ਹੀ ਉਸ ਸਮੇਂ ਦੇ ਦੇਸ਼ ਵਿਚਲੇ ਹਾਲਾਤ ਨੂੰ ਥਾਹ ਪਾਉਣ ਲਈ ਤੇ ਅਧੀਨਗੀ ਦੇ ਸਮਾਜ ਤੋਂ ਮੁਕਤੀ ਦਾ ਸਵਾਲ ਸਾਹਮਣੇ ਰੱਖਿਆ।ਜਾਤੀ ਸ਼ੋਸ਼ਣ ਦੀਆਂ ਵਿਭਿੰਨ ਪਰਤਾਂ ਉਨ੍ਹਾਂ ਨੂੰ ਪ੍ਰੇਸ਼ਾਨ ਕਰਦੀਆਂ ਸੀ।ਜਾਤ ਵਿਤਕਰੇ ਨੂੰ ਹੋਰ ਗਹਿਰਾ ਕਰਨ ਲਈ ਜਿਹੜੀਆਂ ਪ੍ਰਸਥਿਤੀਆਂ ਹਾਵੀ ਹੋਈਆਂ, ਉਹਨਾਂ ਦਾ ਵੀ ਇਸ ਪੁਸਤਕ ਵਿੱਚ ਬਾਖ਼ੂਬੀ ਦੇ ਨਾਲ ਜ਼ਿਕਰ ਆਉਂਦਾ ਹੈ, ਜਿਵੇਂ ਹਿੰਦੂ ਧਰਮ ਦੇ ਠੇਕੇਦਾਰਾਂ ਨੇ ਧਾਰਮਿਕ ਗ੍ਰੰਥਾਂ ਰਾਹੀਂ ਅਛੂਤਾਂ ਨੂੰ ਗੁਲਾਮ ਬਣਾਉਣ ਲਈ ਜੋ ਕਾਨੂੰਨ ਬਣਾਏ, ਉਸ ਦਾ ਕੇਂਦਰੀ ਅਧਾਰ ਵਿੱਚ ਜੈਮਿਨੀ, ਮਨੂੰ ਸਿਮਰਤੀ, ਮਾਰਕੰਡੇ ਪੁਰਾਣ, ਮਹਾਭਾਰਤ, ਗੌਤਮ ਧਰਮ ਸੂਤਰ ਆਦਿ ਰਿਹਾ। ਇਨ੍ਹਾਂ ਗ੍ਰੰਥਾਂ ਵਿੱਚੋਂ ਅਛੂਤਾਂ ਪ੍ਰਤੀ ਜੋ ਨਾਂਹਪੱਖੀ ਦ੍ਰਿਸ਼ਟੀਕੋਣ ਉੱਭਰ ਕੇ ਸਾਹਮਣੇ ਆਉਂਦਾ ਹੈ, ਉਸ ਦੇ ਕਈ ਵੇਰਵੇ ਇਸ ਪੁਸਤਕ ਵਿੱਚ ਦਰਜ ਹਨ।

ਇਹ ਪੁਸਤਕ ਸੱਚ-ਮੁੱਚ ਅਜਿਹਾ ਦਸਤਾਵੇਜ਼ ਵਜੋਂ ਵੀ ਸਾਹਮਣੇ ਆਉਂਦੀ ਹੈ, ਜਿਸ ਵਿੱਚ ਆਦਿ-ਧਰਮ ਮੰਡਲ ਦੀ ਸਥਾਪਨਾ, ਆਦਿ ਧਰਮ ਦਾ ਸਮਾਜਿਕ ਤੇ ਆਰਥਿਕ ਪਿਛੋਕੜ, ਆਦਿ ਧਰਮ ਆਉਣ ਦੇ ਕਾਰਨ, ਉਸ ਦਾ ਜਥੇਬੰਦਕ ਢਾਂਚਾ, ਆਦਿ-ਧਰਮ ਦੀ ਸੰਰਚਨਾ ਤੇ ਉਸ ਦੇ ਵਿਚਾਰਾਂ ਦਾ ਅਦਾਨ-ਪ੍ਰਦਾਨ ਕਰਨ ਦਾ ਪ੍ਰਵਾਹ, ਆਦਿ-ਧਰਮ ਮੰਡਲ ਦੀਆਂ ਸਮੁੱਚੀਆਂ ਕਾਰਵਾਈਆਂ ਤੇ ਉਸ ਦੀ ਪ੍ਰਭਾਵਿਕਤਾ, ਆਦਿ-ਧਰਮ ਦੇ ਰਾਹ ਵਿੱਚਦੀਆਂ ਅੜਚਣਾਂ, ਆਦਿ-ਮੰਡਲ ਦੇ ਕਾਰਕੁਨਾਂ ਦੀ ਕਾਰਗੁਜ਼ਾਰੀ ਤਹਿਤ ਗੁਰੂ ਰਵਿਦਾਸ ਪੱਤ੍ਰਿਕਾ ਰਾਹੀਂ ਚੇਤਨਾ ਦਾ ਉਭਾਰ, ਆਦਿ-ਧਰਮ ਮੰਡਲ ਅੰਦਰਲੀਆਂ ਵਿਰੋਧਤਾਈਆਂ ਤਹਿਤ ਇਸ ਦੇ ਗ਼ਦਾਰਾਂ ਦੀ ਨਿਸ਼ਾਨਦੇਹੀ ਕਰਨਾ, ਰਾਜਨੀਤਕ ਖੇਤਰ ਦੇ ਵਿੱਚ ਆਦਿ-ਧਰਮ ਦੇ ਪੈਰੋਕਾਰਾਂ ਦੀ ਨੁਮਾਇੰਦਗੀ ਆਦਿ ਦਾ ਵਰਣਨ ਕੀਤਾ ਗਿਆ ਹੈ। ਆਦਿ-ਧਰਮ ਦੀ ਪੁਨਰ ਸੁਰਜੀਤੀ ਦਾ ਸਵਾਲ ਤੇ ਧਾਰਮਿਕ ਸੰਸਥਾਵਾਂ ਦੀ ਉਸਾਰੀ ਦੇ ਮਸਲੇ ਨੂੰ ਲੈ ਕੇ ਬਹੁਤ ਸਾਰੇ ਅਛੂਤ ਵਰਗ ਨਾਲ ਜੁੜੇ ਹੋਏ ਨੁਕਤਿਆਂ ਨੂੰ ਇਸ ਪੁਸਤਕ ਵਿੱਚ ਉਭਾਰਿਆ ਗਿਆ ਹੈ। ਅਜਿਹੇ ਬਹੁਤ ਸਾਰੇ ਸਵਾਲਾਂ ਦੇ ਸਨਮੁੱਖ ਹੋ ਕੇ ਬਾਬਾ ਮੰਗੂ ਰਾਮ ਜੀ ਨੇ ਲਿਖਤਾਂ ਦੇ ਰਾਹੀਂ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਦੀ ਕੋਸ਼ਿਸ਼ ਕੀਤੀ ਹੈ।

ਇਸ ਪੁਸਤਕ ਵਿੱਚ ਬਾਬਾ ਮੰਗੂ ਰਾਮ ਜੀ ਦਾ ਬਿੰਬ ਇੱਕ ਸੰਪਾਦਕ, ਸਵੈ ਜੀਵਨੀਕਾਰ, ਕਵੀ ਤੇ ਸੁੱਘੜ ਰਾਜਨੀਤੀਵਾਨ ਵਜੋਂ ਵੀ ਉੱਭਰ ਕੇ ਸਾਹਮਣੇ ਆਇਆ ਹੈ। ਅਜਿਹੇ ਅਣਗੌਲਿਆਂ ਪੱਖਾਂ ਬਾਰੇ ਪਾਠਕਾਂ ਨੂੰ ਜਾਣੂ ਕਰਵਾਉਣਾ ਇਸ ਪੁਸਤਕ ਦਾ ਮੁੱਖ ਮੋਟਿਫ ਹੈ। ਸੰਪਾਦਕ ਦਾ ਮੰਗੂ ਰਾਮ ਦੀਆਂ ਸਮੁੱਚੀਆਂ ਲਿਖਤਾਂ ਨੂੰ ਇਕੱਤਰ ਕਰਨ ਲਈ ਨਿੱਠ ਕੇ ਕਾਰਜ ਕਰਨਾ ਇੱਕ ਵਿਲੱਖਣ ਉਪਰਾਲਾ ਹੈ। ਕੁਝ ਰਚਨਾਵਾਂ ਬਾਬੂ ਮੰਗੂ ਰਾਮ ਮੁਗੋਵਾਲੀਆ ਦੀਆਂ ਆਪ ਸਿਰਜੀਆਂ ਹੋਈਆਂ ਹਨ, ਜਿਸ ਵਿੱਚ 'ਆਦਿ ਦੁਖੜੇ' ਸਿਰਲੇਖ ਹੇਠ ਬੈਂਤ ਵਿੱਚ ਲਿਖੀਆਂ ਕਵਿਤਾਵਾਂ ਦੀ ਖ਼ਾਸ ਮਹੱਤਤਾ ਹੈ, ਜਿਸ ਦੇ ਅੰਦਰ ਬਾਬੂ ਮੰਗੂ ਰਾਮ ਦੇ ਜੀਵਨ ਯਾਤਰਾ ਤੇ ਆਲੇ-ਦੁਆਲੇ ਦਾ ਅਨੁਭਵ, ਕੁਝ ਸਫ਼ਰ ਦੇ ਅਹਿਸਾਸ ਇਨ੍ਹਾਂ ਕਵਿਤਾਵਾਂ ਦੇ ਰੂਪ ਦੇ ਚਿਤਰਮਾਨ ਹੋਏ ਹਨ। ਬਾਬੂ ਮੰਗੂ ਰਾਮ ਮੰਗੂ ਦੀ ਸ਼ਖਸੀਅਤ ਬਾਰੇ ਵੱਖ-ਵੱਖ ਕਵੀਆਂ ਦੀਆਂ ਲਿਖੀਆਂ ਰਚਨਾਵਾਂ ਜੋ ਅਲੱਗ-ਅਲੱਗ ਥਾਵਾਂ ਖਿਲਰੀਆਂ ਹੋਈਆਂ ਸਨ, ਜਿਨ੍ਹਾਂ ਨੂੰ ਡਾ. ਗੁਰਮੀਤ ਕੱਲਰਮਾਜਰੀ ਨੇ ਇੱਕ ਥਾਂ ਇਕੱਠਾ ਕੀਤਾ ਹੈ। ਇਨ੍ਹਾਂ ਲਿਖਤਾਂ ਨਾਲ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਸ਼ਖਸੀਅਤ ਦਾ ਵਿਲੱਖਣ ਪੱਖ ਜਿਸ ਤੋਂ ਬਹੁਤੇ ਲੋਕ ਅਣਜਾਣ ਸਨ, ਉਹ ਸਾਹਮਣੇ ਲਿਆਉਣ ਦਾ ਇਹ ਕਾਰਜ ਸ਼ਲਾਘਾਯੋਗ ਹੈ। ਪੁਸਤਕ ਦੇ ਸ਼ੁਰੂ ਵਿੱਚ ਸੰਪਾਦਕੀ 1 ਅਤੇ ਸੰਪਾਦਕੀ 2 ਪੁਸਤਕ ਅੰਦਰਲੀ ਝਾਤ ਪਾਉਂਦੀ ਪੁਸਤਕ ਬਾਰੇ ਪੁਸਤਕ ਪੜ੍ਹਨ ਦੀ ਜਿਗਿਆਸਾ ਵਧਾਉਂਦੀ ਹੈ। ਪਾਠਕ ਗ਼ਦਰੀ ਬਾਬਾ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਅੰਦਰਲੇ ਲੇਖਕ ਨੂੰ ਮਿਲਦਾ ਹੈ।ਇਨ੍ਹਾਂ ਲਿਖਤਾਂ ਵਿੱਚ ਬਾਬਾ ਇੱਕੋ ਹੀ ਸਮੇਂ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਜਮਾਤੀ ਸਮਾਜ ਨਾਲ ਟੱਕਰਦਾ ਨਜ਼ਰ ਆਉਂਦਾ ਹੈ ਤੇ ਜਾਤ-ਪਾਤ ਦੀ ਜਕੜ ਦਾ ਵੀ ਮੁੱਢ ਤੋਂ ਖਾਤਮਾ ਚਾਹੁੰਦਾ ਹੈ। ਅਜਿਹੀ ਪੁਸਤਕ ਦੀ ਸੰਪਾਦਨਾ ਕਰਨਾ ਇੱਕ ਵਿਲੱਖਣ ਕਾਰਜ ਹੈ। ਵੱਖ-ਵੱਖ ਸਰੋਤਾਂ, ਵਿਦਵਾਨਾਂ ਤੋਂ ਗਿਆਨ-ਪੂਰਵਕ ਜਾਣਕਾਰੀ ਪ੍ਰਾਪਤ ਕਰ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਕਾਰਗੁਜ਼ਾਰੀ ਤੇ ਆਦਿ-ਧਰਮ ਦੇ ਮੰਤਵਾਂ, ਯੋਜਨਾਵਾਂ, ਸਫ਼ਲਤਾਵਾਂ ਤੇ ਦਰਪੇਸ਼ ਸੰਕਟਾਂ ਨੂੰ ਪੇਸ਼ ਕਰਨ ਲਈ ਯੋਗ ਤਰਤੀਬ ਬਣਾਉਣੀ ਤੇ ਇਸ ਨੂੰ ਪਾਠਕਾਂ ਤੱਕ ਪਹੁੰਚਾਉਣ ਦੀ ਗੁਰਮੀਤ ਦੀ ਸਫ਼ਲ ਕੋਸ਼ਿਸ਼ ਹੈ, ਜੋ ਇਸ ਪੁਸਤਕ ਦਾ ਹਾਸਲ ਹੈ।

*ਮੋਬਾ. 94636-15536*

---

## ਸਿਦਕ ਹਾਰਦਾ ਨਹੀਂ

**ਬਲਵਿੰਦਰ ਸਿੰਘ ਭੁੱਲਰ**
**ਪੰਨੇ : 148, ਕੀਮਤ: 250 ਰੁਪਏ**

# ਦੇਸ਼ ਭਗਤੀ, ਪ੍ਰੇਮ ਭਾਵਨਾ ਤੇ ਕੁਰਬਾਨੀ ਦਾ ਪ੍ਰਵਚਨ

## ਸਾਹਿਤ ਚਿੰਤਨ

**ਜਸਪਾਲ ਮਾਨਖੇੜਾ**

'ਸਿਦਕ' ਸ਼ਬਦ ਦਾ ਅਰਥ ਹੈ....ਸਿਰੜ, ਸਚਾਈ, ਨਿਸ਼ਾਨਾ, ਇਮਾਨਦਾਰੀ। ਦਿਲੋਂ ਕੀਤਾ ਵਾਅਦਾ ਨਿਭਾਉਣਾ, ਸਿਰੜ ਪੂਰਾ ਕਰਨਾ ਹੀ ਹੁੰਦਾ ਹੈ। ਜਦੋਂ ਕੋਈ ਵਿਅਕਤੀ ਆਪਣੇ ਕਹੇ, ਕੀਤੇ, ਸੋਚੇ 'ਤੇ ਪੂਰਾ ਉੱਤਰੇ, ਉਸ ਨੂੰ ਸਿਦਕਵਾਨ ਕਹਿੰਦੇ ਹਨ।

ਸਿਦਕ ਅਰਬੀ ਮੂਲ ਦਾ ਸ਼ਬਦ ਹੈ, ਜਿਸ ਦਾ ਭਾਵ ਹੈ ਸੱਚ ਬੋਲਣਾ। ਸੱਚ 'ਤੇ ਕਾਇਮ ਰਹਿਣਾ, ਝੂਠ ਤੋਂ ਦੂਰ ਰਹਿਣਾ। ਸਿਦਕਵਾਨ ਸਿਰਫ ਸੱਚ ਬੋਲਣ ਤੱਕ ਹੀ ਸੀਮਤ ਨਹੀਂ ਰਹਿੰਦਾ। ਸਿਦਕਵਾਨ ਵਿੱਚ ਹੋਰ ਵੀ ਬਹੁਤ ਗੁਣ ਹੁੰਦੇ ਹਨ ... ਉਸ ਦੇ ਕਹੇ ਵਿੱਚ ਇਕਰੂਪਤਾ, ਨੀਅਤ ਵਿੱਚ ਪਵਿੱਤਰਤਾ, ਵਾਅਦੇ ਨਿਭਾਉਣ ਵਿੱਚ ਦ੍ਰਿੜ੍ਹਤਾ ਹੁੰਦੀ ਹੈ। ਨੈਤਿਕਤਾ ਦੇ ਪੱਖ ਤੋਂ ਮਨੁੱਖ ਦਾ ਸਿਦਕ ਉਸ ਦੀ ਚਰਿੱਤਰ ਨੀਂਹ ਹੈ। ਸਿਦਕਵਾਨ ਵਿਅਕਤੀ ਵਿੱਚ ਸਮਾਜ ਦਾ ਭਰੋਸਾ ਬਣਦਾ ਹੈ। ਲੋਕਾਈ ਨਾਲ ਉਸ ਦੇ ਸੰਬੰਧ ਮਜ਼ਬੂਤ ਬਣਦੇ ਹਨ।

ਗੁਰਬਾਣੀ ਦੇ ਸ਼ਬਦ ਹਨ ...
ਸਚੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥
ਸਿਦਕ ਸਬੂਰੀ ਸਾਦਗੀ ਸਹਜੁ ਸੁਭਾਇ॥

ਸਿਦਕ ਨਾਲ ਮਨੁੱਖ ਵਿੱਚ ਸਬੂਰੀ (ਧੀਰਜ), ਸਾਦਗੀ, ਸਹਿਜ ਅਵਸਥਾ ਆਉਂਦੀ ਹੈ। ਸਿਦਕ ਮਨੁੱਖ ਦੇ ਆਚਰਣ ਨੂੰ ਸੰਤੁਲਿਤ ਤੇ ਸ਼ਾਂਤ ਬਣਾਉਂਦਾ ਹੈ।

ਅਸੀਂ ਕਹਿ ਸਕਦੇ ਹਾਂ ਕਿ ਸਿਦਕ ਮਨੁੱਖ ਦਾ ਵਡਮੁੱਲਾ ਗੁਣ ਹੈ। ਇਹ ਇੱਕ ਵਿਸ਼ਵ-ਵਿਆਪੀ ਸਚਾਈ ਹੈ ਕਿ ਸਿਦਕ ਹਾਰਦਾ ਨਹੀਂ ....। ਸਚਾਈ ਕਦੇ ਮਿਟਾਈ ਨਹੀਂ ਜਾ ਸਕਦੀ। ਸ਼ੁਰੂ ਵਿੱਚ ਸੱਚ ਤੇ ਸਿਦਕ ਦਾ ਰਾਹ ਔਖਾ ਹੋ ਸਕਦਾ ਹੈ। ਸਿਦਕਵਾਨ ਵਿਅਕਤੀ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅੰਤ ਵਿੱਚ ਜਿੱਤ ਸੱਚ ਤੇ ਸਿਦਕ ਦੀ ਹੁੰਦੀ ਹੈ। ਝੂਠ ਅਤੇ ਧੋਖਾ ਅਸਥਾਈ ਤੌਰ 'ਤੇ ਕਾਮਯਾਬ ਲੱਗ ਸਕਦਾ ਹੈ, ਪਰ ਉਹ ਲੰਮੇ ਸਮੇਂ ਤੱਕ ਕਾਇਮ ਨਹੀਂ ਰਹਿੰਦਾ।

ਏਹੀ ਸਭ ਕੁਝ ਦੀ ਵਿਆਖਿਆ ਅਤੇ ਵਰਨਣ ਬਲਵਿੰਦਰ ਸਿੰਘ ਭੁੱਲਰ ਦੀ ਵਿਚਾਰ ਅਧੀਨ ਪੁਸਤਕ 'ਸਿਦਕ ਹਾਰਦਾ ਨਹੀ' ਵਿੱਚ ਹੈ। ਭੁੱਲਰ ਨੇ ਇਸ ਪੁਸਤਕ ਵਿੱਚ 23 ਮਹਾਨ ਸ਼ਹੀਦ ਔਰਤਾਂ, 8 ਪ੍ਰੇਰਨਾਸਰੋਤ ਔਰਤਾਂ ਦਾ ਜ਼ਿੰਦਗੀਨਾਮਾ ਬਿਆਨ ਕੀਤਾ ਹੈ, ਜੋ ਆਪਦੀ ਜਾਨ ਦੇ ਦਿੰਦੀਆਂ ਹਨ, ਪਰ ਆਪਣੇ ਸਿਦਕ ਤੋਂ ਨਹੀਂ ਥਿੜਕਦੀਆਂ। ਅਜਿਹੀਆਂ ਬਹਾਦਰ ਔਰਤਾਂ ਦਾ ਜੀਵਨ ਸੰਘਰਸ਼ ਪਾਠਕਾਂ ਦੇ ਸਨਮੁਖ ਕਰਨਾ ਇੱਕ ਸਲਾਘਾਯੋਗ ਉੱਦਮ ਹੈ। ਇਸ ਤੋਂ ਪਹਿਲਾਂ ਉਸ ਦੀਆਂ ਦੋ ਕਹਾਣੀ ਪੁਸਤਕਾਂ, ਦੋ ਸਫ਼ਰਨਾਮੇ, ਇੱਕ ਕਾਵਿ ਸੰਗ੍ਰਹਿ, ਇੱਕ ਮਿੰਨੀ ਕਹਾਣੀਆਂ ਦੀਆਂ ਕਿਤਾਬਾਂ ਛਪ ਚੁੱਕੀਆਂ ਹਨ।



ਧਰਤੀ ਜਿਵੇਂ ਬੀਜ ਤੋਂ ਪੌਦਾ ਸਿਰਜਦੀ ਹੈ, ਉਸੇ ਤਰ੍ਹਾਂ ਔਰਤ ਮਨੁੱਖ ਸਿਰਜਦੀ ਹੈ। ਔਰਤ ਗੁਰੂਆਂ, ਪੀਰਾਂ, ਰਹਿਬਰਾਂ, ਵਿਗਿਆਨੀਆਂ, ਸੂਰਬੀਰ ਬਹਾਦਰਾਂ, ਸ਼ਹੀਦਾਂ, ਸਾਹਿਤਕਾਰਾਂ, ਬੁੱਧੀਜੀਵੀਆਂ ਦੀ ਜਨਮਦਾਤੀ ਹੋਣ ਦੇ ਬਾਵਜੂਦ ਸਦੀਆਂ ਭਰ ਸਮਾਜ ਵਿੱਚ ਤਰਸਯੋਗ ਹਾਲਤ ਹੰਢਾਉਂਦੀ ਰਹੀ ਹੈ। ਉਹ ਮਰਦਾਂ ਦੇ ਭੋਗਣ ਦੀ ਵਸਤੂ ਬਣੀ ਰਹੀ ਹੈ, ਬਜ਼ਾਰਾਂ ਵਿੱਚ ਵਿਕਦੀ ਰਹੀ ਹੈ, ਬਲਾਤਕਾਰਾਂ ਦਾ ਸ਼ਿਕਾਰ ਹੁੰਦੀ ਰਹੀ ਹੈ, ਪਰ ਫਿਰ ਵੀ ਹਜ਼ਾਰਾਂ ਸਾਲ ਅਜਿਹਾ ਜੀਵਨ ਹੰਢਾਉਣ ਦੇ ਬਾਵਜੂਦ ਉਸ ਨੇ ਅਸੂਲਾਂ 'ਤੇ ਪਹਿਰਾ ਦਿੱਤਾ ਹੈ, ਕੁਰਬਾਨੀ ਦਿੱਤੀ ਹੈ ਅਤੇ ਸਾਬਤ ਕਰ ਵਿਖਾਇਆ ਹੈ ਕਿ ਔਰਤ ਬਜ਼ਾਰੀ ਵਸਤੂ ਨਹੀਂ, ਬਲਕਿ ਔਰਤ ਸਮਾਜਿਕ, ਸੱਭਿਆਚਾਰਕ ਅਧਾਰਾਂ 'ਤੇ ਪਿਆਰ ਬੱਝੇ ਦਿਲ ਵਾਲੀ ਅਤੇ ਬਲੀਦਾਨ ਦੀ ਹੱਦ ਤੱਕ ਜਾਣ ਵਾਲੀ ਬਹਾਦਰ ਤੇ ਸੂਰਬੀਰ ਹੈ। ਜਦੋਂ ਵੀ ਦੇਸ਼, ਧਰਮ, ਕੌਮ ਤੇ ਬੁਰੇ ਦਿਨ ਆਏ ਔਰਤਾਂ ਦਾ ਖ਼ੂਨ ਖੌਲਣ ਲੱਗ ਜਾਂਦਾ ਤੇ ਉਹ ਹਥਿਆਰ ਚੁੱਕ ਕੇ ਜੰਗ ਦੇ ਮੈਦਾਨ ਵਿੱਚ ਨਿੱਤਰ ਪੈਂਦੀਆਂ। ਉਸ ਨੇ ਸਮੇਂ-ਸਮੇਂ ਧਰਮ ਦੀ ਰਾਖੀ ਲਈ, ਦੂਜਿਆਂ ਦੀ ਜਾਨ ਬਚਾਉਣ ਲਈ, ਵਿਗਿਆਨਕ ਸੋਚ ਅਪਨਾਉਣ ਲਈ, ਫ਼ਰਜ਼ਾਂ ਦੀ ਪੂਰਤੀ ਲਈ, ਲੋਕ ਹਿੱਤਾਂ ਦੀ ਪ੍ਰਾਪਤੀ ਲਈ ਤਸ਼ੱਦਦ ਝੱਲਿਆ ਤੇ ਕੁਰਬਾਨੀ ਦਿੱਤੀ ਹੈ।

ਇਸ ਪੁਸਤਕ ਵਿੱਚ ਫ਼ਰਾਂਸ ਦੀ ਸ਼ਹੀਦ ਤੇ ਸੰਤ ਜੋਹਨ ਡੀ ਆਰਕ, ਜਿਸ ਨੇ ਅੰਗਰੇਜ਼ਾਂ ਵਿਰੁੱਧ ਯੁੱਧ ਲੜਿਆ, ਪਰ ਉਨੀ ਸਾਲ ਦੀ ਉਮਰ ਵਿੱਚ ਹੀ ਅੰਗਰੇਜ਼ ਫੌਜ ਨੇ ਉਸ ਨੂੰ ਜਿਉਂਦੀ ਨੂੰ ਅੱਗ ਲਾ ਕੇ ਸ਼ਹੀਦ ਕਰ ਦਿੱਤਾ ਅਤੇ ਬਾਅਦ ਵਿੱਚ ਕੈਥੋਲਿਕ ਸਮਾਜ ਨੇ ਉਸ ਨੂੰ ਸੰਤ ਦੀ ਉਪਾਧੀ ਦਿੱਤੀ। ਸ਼ਹੀਦ ਭਾਈ ਮਨੀ ਸਿੰਘ ਦੀ ਧਰਮ ਪਤਨੀ ਬੀਬੀ ਬਸੰਤ ਕੌਰ, ਜਿਸ ਦੇ ਪਰਿਵਾਰ ਦੇ 62 ਜੀਅ ਸ਼ਹੀਦ ਹੋਏ ਅਤੇ ਉਸ ਦੇ ਪੋਤੇ ਤੇ ਪੜਪੋਤੇ ਦੇ ਸਰੀਰਾਂ ਦੇ ਟੋਟੇ-ਟੋਟੇ ਕਰਕੇ ਉਸ ਦੇ ਗਲੇ ਵਿੱਚ ਪਾਏ ਗਏ, ਪਰ ਉਸ ਨੇ ਅਣਮਨੁੱਖੀ ਤਸੀਹੇ ਝਲਦਿਆਂ ਧਰਮ ਲਈ ਸ਼ਹੀਦੀ ਪ੍ਰਾਪਤ ਕੀਤੀ। ਅੰਗਰੇਜ਼ਾਂ ਨੂੰ ਭਾਰਤ 'ਚ ਕਾਬਜ਼ ਹੋਣ ਤੋਂ ਰੋਕਣ ਲਈ ਲਖਨਊ ਦੇ ਸਿਕੰਦਰ ਬਾਗ ਵਿੱਚ ਮਰਦਾਂ ਵਾਲੇ ਕੱਪੜੇ ਪਾ ਕੇ ਫੌਜੀ ਟੁਕੜੀ ਦੀ ਅਗਵਾਈ ਕਰਦਿਆਂ ਅੰਗਰੇਜ਼ ਫੌਜੀਆਂ ਦੀਆਂ ਲਾਸਾਂ ਵਿਛਾਉਣ ਤੋਂ ਬਾਅਦ ਸ਼ਹੀਦ ਹੋਣ ਵਾਲੀ ਊਦਾ ਦੇਵੀ ਅਤੇ ਆਖ਼ਰੀ ਮੁਗਲ ਬਾਦਸ਼ਾਹ ਬਹਾਦਰ ਸ਼ਾਹ ਜ਼ਫ਼ਰ ਦੀ ਪੁੱਤਰੀ ਕੁਲਸੁਮ ਦੀ ਸੰਖੇਪ ਜੀਵਨੀ ਪੇਸ਼ ਕੀਤੀ ਗਈ ਹੈ।

ਇਸੇ ਤਰ੍ਹਾਂ ਮੁਸਲਮਾਨੀ ਪਹਿਰਾਵੇ ਵਾਲੀ ਇੱਕ ਗੁੰਮਨਾਮ ਔਰਤ ਦੀ ਜੀਵਨੀ ਪੇਸ਼ ਕੀਤੀ ਹੈ। ਜਦੋਂ ਅੰਗਰੇਜ਼ਾਂ ਨੇ ਦਿੱਲੀ 'ਤੇ ਕਬਜ਼ਾ ਕਰਨ ਲਈ ਘੇਰਾ ਪਾ ਲਿਆ ਸੀ ਤਾਂ ਉਹ ਝੰਡਾ, ਬੰਦੂਕ ਤੇ ਤਲਵਾਰ ਲੈ ਕੇ ਬਾਹਰ ਨਿਕਲਦੀ ਅਤੇ ਲੋਕਾਂ ਨੂੰ ਇਕੱਠੇ ਕਰਕੇ ਅੰਗਰੇਜ਼ ਫੌਜ 'ਤੇ ਹਮਲਾ ਕਰਦੀ। ਉਹਨਾਂ ਦੀਆਂ ਲਾਸ਼ਾਂ ਦੇ ਢੇਰ ਲਾ ਕੇ ਕਿਤੇ ਚਲੀ ਜਾਂਦੀ। ਫੱਟੜ ਹੋਣ 'ਤੇ ਆਖ਼ਰ ਅੰਗਰੇਜ਼ ਫੌਜ ਦੇ ਕਾਬੂ ਆ ਗਈ। ਉਸ ਨੂੰ ਕਿਵੇਂ ਤਸੀਹੇ ਦਿੱਤੇ, ਕਿਵੇਂ ਸ਼ਹੀਦ ਕੀਤਾ ਗਿਆ। ਉਹ ਕਿੱਥੋਂ ਆਉਂਦੀ ਸੀ, ਕਿੱਥੇ ਜਾਂਦੀ ਸੀ ਆਦਿ ਅੱਜ ਤੱਕ ਬੁਝਾਰਤ ਬਣੀ ਹੋਈ ਹੈ। ਅਫ਼ਗਾਨਸਤਾਨ ਦੀ ਮਾਲਾਲਾਈ ਮਾਈਵਿੰਡ, ਜੋ ਅੰਗਰੇਜ਼ਾਂ ਵਿਰੁੱਧ ਲੋਕਾਂ ਦਾ ਕਾਫ਼ਲਾ ਬਣਾ ਕੇ ਜੰਗ ਦੇ ਮੈਦਾਨ ਵਿੱਚ ਨਿੱਤਰੀ, ਜਿਸ ਨੂੰ ਅੱਧੀ ਦਰਜਨ ਤੋਂ ਵੱਧ ਦੇਸ਼ ਨਾਇਕਾ ਮੰਨਦੇ ਹਨ। ਅੰਗਰੇਜ਼ਾਂ ਤੇ ਗੱਦਾਰਾਂ ਨਾਲ ਲੜਣ ਵਾਲੀ ਕਿਤੂਰ ਦੀ ਰਾਣੀ ਚੇਨੰਮਾ ਅਤੇ ਬਿਹਾਰ ਦੀ ਹੁਸਨ ਵੇਚਣ ਵਾਲੀ ਤਵਾਇਫ਼ ਤੋਂ ਦੇਸ਼ ਭਗਤ ਬਣ ਕੇ ਸ਼ਹਾਦਤ ਦਾ ਜਾਮ ਪੀਣ ਵਾਲੀ ਗੁਲਾਬ ਕਲੀ ਦੇ ਜੀਵਨ ਦੀ ਝਾਤ ਪਾਠਕਾਂ ਦੇ ਰੂਬਰੂ ਕੀਤੀ ਗਈ ਹੈ।

ਇਸ ਤੋਂ ਇਲਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਨਮੁੱਖ ਹੋਈ ਅਰਦਾਸ ਤੇ ਪਹਿਰਾ ਦਿੰਦਿਆਂ ਮਸੂਮ ਪੁੱਤਰ ਸਮੇਤ ਅੰਗਰੇਜ਼ ਸਰਕਾਰ ਦੀ ਗੋਲੀ ਨਾਲ ਸ਼ਹੀਦ ਹੋਣ ਵਾਲੀ ਬੀਬੀ ਬਲਵੀਰ ਕੌਰ ਸਮੇਤ, ਨਾ ਲਿਖਿਆ ਜਾ ਸਕਣ ਵਾਲਾ ਅੰਤ ਦਰਜੇ ਦਾ ਤਸ਼ੱਦਦ ਝੱਲਣ ਵਾਲੀ ਵੀਅਤਨਾਮ ਦੀ ਸ਼ਹੀਦ ਨਗੂਯਨ ਤਈ ਥੋ ਅਤੇ ਪਤੀ, ਨੌਂ ਪੁੱਤਰ, ਇੱਕ ਜਵਾਈ, ਧੀਆਂ ਅਤੇ ਪੋਤੇ ਸ਼ਹੀਦ ਕਰਵਾਉਣ ਵਾਲੀ ਬਹਾਦਰ ਮਾਂ ਨਗੁਏਨ ਥੀ ਥੂ, ਰੂਸ ਦੀ ਜ਼ੋਇਆ ਉਰਫ਼ ਤਾਨੀਆ, ਭਾਰਤੀ ਮੂਲ ਦੀ ਬਹਾਦਰ ਜਸੂਸ ਨੂਰ ਉਨ ਨਿਸ਼ਾ, ਸੱਚ ਦੀ ਦੁਨੀਆਂ ਵਿੱਚ ਜਿਉਂਦੀ ਐਨ ਫਰੈਂਕ ਅਤੇ ਰੂਸ ਦੀ ਸੀਨੀਅਰ ਸਾਰਜੈਂਟ ਰੋਜ਼ਾ ਜ਼ਾਰਜੀਏਵਨਾ ਸ਼ਨੀਨਾ ਦੇ ਜੀਵਨ ਦੀ ਵੀ ਪਾਠਕਾਂ ਨੂੰ ਜਾਣਕਾਰੀ ਮੁਹੱਈਆ ਕੀਤੀ ਗਈ ਹੈ।

ਇਸ ਤੋਂ ਇਲਾਵਾ ਗਦਰੀ ਸੂਰਬੀਰਾਂ ਤੇ ਚੀਨੀ ਇਨਕਲਾਬ ਦੀ ਹਮਦਰਦ ਐਗਨੀਜ਼ ਸਮੈਡਲੀ ਬਾਰੇ ਲੇਖ ਲਿਖਿਆ ਹੈ। ਕਿਸੇ ਦੇਸ਼ ਖੇਤਰ ਵਿੱਚ ਲੰਮੇ ਸਮੇਂ ਤੋਂ ਚਲਦੀਆਂ ਰਸਮਾਂ ਤੇ ਸੱਭਿਆਚਾਰਕ ਪਰੰਪਰਾਵਾਂ ਨੂੰ ਤਬਦੀਲ ਕਰਨਾ ਸੌਖਾ ਨਹੀਂ ਹੁੰਦਾ, ਜੇਕਰ ਉਸ ਦਾ ਆਧਾਰ ਧਰਮ ਹੋਵੇ ਤਾਂ ਹੋਰ ਵੀ ਔਖਾ ਹੋ ਜਾਂਦਾ ਹੈ, ਪਰ ਅਜਿਹੀਆਂ ਪੁਰਾਣੀਆਂ ਮਿਥਾਂ ਤੋੜਣ ਦਾ ਕਾਰਜ ਕਰਕੇ ਵਿਖਾਉਣ ਵਾਲੀ ਅਫ਼ਗਾਨਿਸਤਾਨ ਦੀ ਦਲੇਰ ਰਾਣੀ ਸ਼ੋਰਿਆ ਤਰਜੀ, ਫ਼ਰਜ਼ਾਂ ਲਈ ਸ਼ਹਾਦਤ ਪਾਉਣ ਵਾਲੀ ਉੱਡਣ ਮੁਟਿਆਰ ਨੀਰਜਾ ਭਨੋਟ, ਚੀਨ ਦੀ ਚਿਆਂਗ ਚਿੰਗ ਬਾਰੇ ਜਾਣਕਾਰੀ ਦਿੱਤੀ ਗਈ ਹੈ।

'ਮੇਰੇ ਸਕੂਲ 'ਚ ਪੜ੍ਹਦੇ ਬੱਚਿਆਂ ਦੀ ਮੈਂ ਆਪਣੇ ਆਪ ਨੂੰ ਮਾਂ ਸਮਝਦੀ ਹਾਂ, ਉਹਨਾਂ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਮੇਰੀ ਹੈ' ਇਹਨਾਂ ਵਿਚਾਰਾਂ ਨਾਲ ਤਾਲਿਬਾਨੀ ਅੱਤਵਾਦੀਆਂ ਅੱਗੇ ਹਿੱਕ ਤਾਣਦਿਆਂ ਬੰਦੂਕਧਾਰੀਆਂ ਦੀਆਂ ਗੋਲੀਆਂ ਨਾਲ ਵਿਦਿਆਰਥੀਆਂ ਲਈ ਕੁਰਬਾਨੀ ਦੇਣ ਵਾਲੀ


● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

---

## ਲਹਿੰਦੇ ਸੂਰਜ ਦੀ ਸੁਰਖੀ

(ਕਾਵਿ-ਸੰਗ੍ਰਹਿ)
**ਕਵੀ-ਗੁਰਨਾਮ ਢਿੱਲੋਂ**
**ਪੰਨੇ-114, ਮੁੱਲ-170 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ**

ਬਰਤਾਨਵੀ ਕਵੀ ਗੁਰਨਾਮ ਢਿੱਲੋਂ ਪੰਜਾਬੀ ਕਵਿਤਾ ਦਾ ਅਹਿਮ ਹਸਤਾਖ਼ਰ ਹੈ। ਜੋ ਪਹਿਲਾਂ ਪੰਜਾਬ ਵਿੱਚ ਰਹਿੰਦਿਆਂ ਗੁਰਨਾਮ ਕੰਵਲ ਦੇ ਨਾਂਅ ਹੇਠ ਸਾਹਿਤ ਸਿਰਜਣਾ ਕਰਦਾ ਰਿਹਾ ਹੈ, ਉਸ ਨੇ ਆਪਣੇ ਸਾਹਿਤਕ ਸਫ਼ਰ ਦੀ ਸ਼ੁਰੂਆਤ 1970 ਵਿੱਚ 'ਅੱਗ ਦੇ ਬੀਜ' ਕਾਵਿ-ਸੰਗ੍ਰਹਿ ਨਾਲ ਕੀਤੀ ਸੀ। ਇਸ ਤੋਂ ਬਾਅਦ ਉਸ ਦੇ 13 ਕਾਵਿ ਸੰਗ੍ਰਹਿ 'ਹੱਥ ਤੇ ਹਥਿਆਰ', 'ਤੇਰੇ ਨਾਂਅ ਦਾ ਮੌਸਮ', 'ਤੂੰ ਕੀ ਜਾਣੇ', 'ਸਮਰਪਿਤ', 'ਤੇਰੀ ਮੁਹੱਬਤ', 'ਦਰਦ ਦੇ ਰੰਗ', 'ਲੋਕ ਸ਼ਕਤੀ', 'ਦਰਦ ਦਾ ਦਰਿਆ', 'ਦਰਦ ਦੀ ਗੂੰਜ', 'ਦਰਦ ਦੀ ਲਾਟ', 'ਦਰਦ ਉੱਜੜੇ ਖੇਤਾਂ ਦਾ', 'ਨਗਾਰਾ', 'ਜੂਝਦੇ ਸੂਰਜ' ਪ੍ਰਕਾਸ਼ਤ ਹੋਏ। 'ਲਹਿੰਦੇ ਸੂਰਜ ਦੀ ਸੁਰਖੀ' ਉਸ ਦਾ 15ਵਾਂ ਕਾਵਿ-ਸੰਗ੍ਰਹਿ ਹੈ। ਇਸ ਪੁਸਤਕ ਵਿੱਚ 58 ਕਵਿਤਾਵਾਂ ਅਤੇ 25 ਗਜ਼ਲਾਂ ਸ਼ਾਮਲ ਹਨ। ਰੂਪਕ ਪੱਖੋਂ ਇਹ ਰਚਨਾਵਾਂ ਖੁੱਲ੍ਹੀ ਕਵਿਤਾ ਅਤੇ ਗਜ਼ਲ ਵਿਧਾ ਵਿੱਚ ਹਨ। ਗੁਰਨਾਮ ਢਿੱਲੋਂ ਆਪਣੇ ਇਨ੍ਹਾਂ ਕਾਵਿ-ਸੰਗ੍ਰਹਿਆਂ ਵਿੱਚ ਸਮਾਜਿਕ ਮਸਲਿਆਂ ਦੇ ਨਾਲ-ਨਾਲ ਰਾਜਨੀਤਕ ਮਸਲਿਆਂ, ਮਜ਼ਦੂਰ ਵਰਗ ਅਤੇ ਕਿਸਾਨਾਂ ਦੀਆਂ ਸਮੱਸਿਆਵਾਂ ਨੂੰ ਪੇਸ਼ ਕਰਦੇ ਰਹੇ ਹਨ। ਗੁਰਨਾਮ ਢਿੱਲੋਂ ਇਸ ਨਵੇਂ ਕਾਵਿ-ਸੰਗ੍ਰਹਿ ਵਿਚ ਸਥਾਨਕ ਮਸਲਿਆਂ ਤੋਂ ਲੈ ਕੇ ਅੰਤਰਰਾਸ਼ਟਰੀ ਪੱਧਰ ਤੱਕ ਦੇ ਮਸਲਿਆਂ ਨੂੰ ਆਪਣੀ ਰਚਨਾ ਦਾ ਵਸਤੂ ਬਣਾਉਂਦਾ ਹੈ। ਗੁਰਨਾਮ ਢਿੱਲੋਂ ਦੇਸ਼ ਦੀ ਅਰਥ ਵਿਵਸਥਾ ਦੇ ਨਾਲ-ਨਾਲ ਭਾਰਤ ਦੀ ਰਾਜਨੀਤੀ ਵਿੱਚ ਆ ਰਹੇ ਨਿਘਾਰ ਪ੍ਰਤੀ ਫ਼ਿਕਰਮੰਦ ਹੈ। ਉਸ ਦੀ ਇਹ ਫ਼ਿਕਰਮੰਦੀ ਭਾਰਤ ਤੱਕ ਹੀ ਸੀਮਤ ਨਹੀਂ, ਸਗੋਂ ਉਸ ਦੇ ਅੰਦਰ ਤਾਂ ਇਜ਼ਰਾਈਲ ਵੱਲੋਂ ਫ਼ਲਸਤੀਨੀ ਲੋਕਾਂ ਨਾਲ ਕੀਤੇ ਜਾ ਰਹੇ ਮਾਨਵਤਾ ਵਿਰੋਧੀ ਵਰਤਾਰੇ ਦਾ ਵੀ ਮਲਾਲ ਹੈ।



ਇਸ ਸੰਗ੍ਰਹਿ ਦੀ ਕਵਿਤਾ ਵਿੱਚ ਸਰਮਾਏਦਾਰ ਲੋਕਾਂ ਦੀ ਭਾਰਤੀ ਰਾਜਨੀਤੀ ਉੱਤੇ ਵਧ ਰਹੀ ਇਜਾਰੇਦਾਰੀ ਦਾ ਫ਼ਿਕਰ ਹੈ। ਨਵ-ਉਦਾਰਵਾਦੀ ਨੀਤੀਆਂ ਦਾ ਮੁਲੰਕਣ ਹੈ, ਇਹਨਾਂ ਦੇ ਏਜੰਡਿਆਂ ਦਾ ਭਾਰਤੀ ਜਨਤਾ 'ਤੇ ਪੈ ਰਹੇ ਅਤੇ ਪੈਣ ਵਾਲੇ ਪ੍ਰਭਾਵਾਂ ਦਾ ਚਿਤਰਨ ਹੈ ।ਮੌਜੂਦਾ ਭਾਰਤੀ ਸੱਤਾਧਾਰੀ ਧਿਰ ਵੱਲੋਂ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਦਾ ਨਾ ਸਿਰਫ ਵਰਨਣ ਹੈ, ਸਗੋਂ ਇਸ ਹਿੰਦੂ ਰਾਸ਼ਟਰਵਾਦੀ ਧਾਰਨਾ ਹੇਠ ਘੱਟ ਗਿਣਤੀ ਲੋਕਾਂ ਦੀ ਬਣਨ ਵਾਲ਼ੀ ਭਵਿੱਖੀ ਤਸਵੀਰ ਵੀ ਵੇਖਣ ਨੂੰ ਮਿਲਦੀ ਹੈ। ਵਿਕਾਸ ਦੇ ਨਾਂਅ 'ਤੇ ਪੰਜਾਬ ਦੀ ਉਪਜਾਊ ਧਰਤੀ 'ਤੇ ਵਿਛਾਏ ਜਾ ਰਹੇ ਸੜਕੀ ਜਾਲ ਦੇ ਕਾਰਨ ਜ਼ਮੀਨਾਂ ਦੇ ਉਜਾੜੇ ਦਾ ਦਰਦ ਵੀ ਹੈ। ਉਹ ਲਿਖਦਾ ਹੈ-

ਲਹਿਲਹਾਉਂਦੇ ਕੁਰਬਾਨੀਆਂ ਦੇ ਉਪਜਾਊ ਖੇਤਾਂ ਵਿੱਚ
ਠੋਕੋ ਕਿਲ
ਵਿਛਾਓ ਲੁੱਕ
ਪਾਓ ਨੇਜ਼ਿਆਂਹਾਰ ਵੋਟਾਂ

ਗੁਰਨਾਮ ਢਿੱਲੋਂ ਇਹਨਾਂ ਰਚਨਾਵਾਂ ਵਿੱਚ ਰਾਜਸੀ ਪ੍ਰਸਥਿਤੀਆਂ ਨੂੰ ਬਿਆਨ ਹੀ ਨਹੀਂ ਕਰਦਾ, ਸਗੋਂ ਇਹਨਾਂ ਪ੍ਰਸਥਿਤੀਆਂ ਦੇ ਪੈਦਾ ਹੋਣ 'ਤੇ ਗਹਿਰੀ ਚਿੰਤਾ ਵਿਅਕਤ ਕਰਦਾ ਹੈ। ਦੇਸ਼ ਦੀ ਏਕਤਾ, ਅਖੰਡਤਾ ਨੂੰ ਅੱਜ ਦੇ ਹੁਕਮਰਾਨ ਕਿਸ ਤਰ੍ਹਾਂ ਤੋੜਨਾ ਚਾਹੁੰਦੇ ਹਨ। ਉਨ੍ਹਾਂ ਦੇ ਅਸਲ ਮਨਸੂਬੇ ਕੀ ਹਨ। ਝੂਠ, ਫਰੇਬ ਦੀ ਕਿਸ ਤਰ੍ਹਾਂ ਜਾਲ੍ਹਸਾਜ਼ੀ ਹੋ ਰਹੀ ਹੈ। ਕਿਸ ਤਰ੍ਹਾਂ ਅੰਧ ਭਗਤੀ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ। ਦੇਸ਼ ਨੂੰ ਆਧੁਨਿਕ ਯੁੱਗ ਤੋਂ ਵੈਦਿਕ ਯੁੱਗ ਵੱਲ ਮੋੜਨ ਦੇ ਯਤਨ ਕੀਤੇ ਜਾ ਰਹੇ ਹਨ। ਵਿਕਾਸ ਦੇ ਨਾਂਅ 'ਤੇ ਝੂਠ ਪਰੋਸਿਆ ਜਾ ਰਿਹਾ ਹੈ। ਅਜੋਕੇ ਹੁਕਮਰਾਨਾਂ ਅਤੇ ਉਨ੍ਹਾਂ ਦੀ ਗੰਦੀ ਰਾਜਨੀਤੀ ਬਾਰੇ ਉਹ ਖੁੱਲ੍ਹ ਕੇ ਲਿਖਦਾ ਹੈ-

ਸ਼ਹਿਨਸ਼ਾਹ ਹੈ ਦਾਨਾ-ਬੀਨਾ ਡਾਢਾ ਸ਼ਾਤਰ
ਵਾਂਗ ਸਕੂਨੀ ਚਾਲ ਚਲਾਵੇ
ਰਾਜ ਭਾਗ ਦੀ ਬਾਜ਼ੀ ਜਿੱਤੇ
ਹੱਕ ਹਕੂਕ ਤੇ ਸਦਾਚਾਰ ਨੂੰ ਖੂਹ ਵਿੱਚ ਪਾਵੇ
ਭਖੀ ਸਿਆਸਤ ਦੇ ਅੰਬਰ ਨੂੰ
ਜਾਤ ਪਾਤ ਦੀ ਟਾਕੀ ਲਾਵੇ।

ਦੇਸ਼ ਦੇ ਮੌਜੂਦਾ ਹਾਲਾਤ ਉਸ ਨੂੰ ਝੰਜੋੜਦੇ ਹਨ। ਦੇਸ਼ ਦੀ ਪ੍ਰੈੱਸ /ਮੀਡੀਆ ਦੀ ਧੌਣ ਮਰੋੜ ਕੇ ਉਸ ਦੀ ਆਜ਼ਾਦੀ ਖੋਹ ਲਈ ਗਈ ਹੈ ।ਨੈਸ਼ਨਲ ਤੇ ਖੇਤਰੀ ਪ੍ਰੈੱਸ ਦੇ ਉੱਤੇ ਸੱਤਾ ਨੇ ਕਬਜ਼ਾ ਕਰ ਲਿਆ ਹੈ। ਜੇਕਰ ਕੋਈ ਚਿੰਤਿਤ ਜਾਂ ਕੋਈ ਦਾਨਿਸ਼ਵਰ ਵਿਅਕਤੀ ਆਪਣੀ ਜ਼ੁਬਾਨ ਦਾ ਤਾਲਾ ਖੋਲ੍ਹ ਕੇ ਹੁਕਮਰਾਨ ਦੀਆਂ ਗ਼ਲਤ ਨੀਤੀਆਂ ਬਾਰੇ ਕੁਝ ਬੋਲਦਾ ਹੈ ਜਾਂ ਕੁਝ ਲਿਖਦਾ ਹੈ ਤਾਂ ਉਸ ਨੂੰ ਜੇਲ੍ਹਾਂ ਵਿੱਚ ਡੱਕਿਆ ਜਾ ਰਿਹਾ ਹੈ। ਮਨੁੱਖ ਦੇ ਜਮਹੂਰੀ ਹੱਕਾਂ ਉੱਤੇ ਡਾਕਾ ਮਾਰਿਆ ਜਾ ਰਿਹਾ ਹੈ। ਕਵੀ ਲਿਖਦਾ ਹੈ-

ਜਿਹੜਾ ਵੀ ਦਾਨਿਸ਼ਵਰ ਜ਼ੁਬਾਨ ਦਾ ਤਾਲਾ ਖੋਲ੍ਹੇਗਾ
ਕਲਮ ਨੂੰ ਹਰਕਤ ਵਿੱਚ ਲਿਆਵੇਗਾ
ਜਗਦੇ ਸ਼ਬਦਾਂ ਦਾ ਮੁਖੜਾ ਚੁੰਮੇਗਾ
ਉਹ ਉਮਰ ਭਰ ਲਈ ਜੇਲ੍ਹ ਦੀ ਹਵਾ ਖਾਵੇਗਾ
ਜਾਂ ਬੜੀ ਸ਼ਾਨ ਨਾਲ ਮੌਤ ਦੇ ਘਾਟ ਲਹਿ ਜਾਵੇਗਾ।

ਗੁਰਨਾਮ ਢਿੱਲੋਂ ਨੇ ਇਸ ਕਾਵਿ-ਸੰਗ੍ਰਹਿ ਦੀਆਂ ਰਚਨਾਵਾਂ ਵਿੱਚ ਨਾ ਸਿਰਫ ਸੱਤਾਧਾਰੀ ਧਿਰ ਦੀ ਸੋਚ ਨੂੰ ਨੰਗਾ ਕੀਤਾ ਹੈ, ਸਗੋਂ ਸੱਤਾ ਖ਼ਿਲਾਫ਼ ਆਪਣੇ ਰੋਹ ਦਾ ਪ੍ਰਗਟਾਵਾ ਵੀ ਕੀਤਾ ਹੈ ਅਤੇ ਸੱਤਾ ਦੇ ਲੋਕ ਵਿਰੋਧੀ ਮਨਸੂਬਿਆਂ ਵਿਰੁੱਧ ਲਾਮਬੱਧ ਹੋਣ ਦਾ ਸੁਨੇਹਾ ਵੀ ਲਾਇਆ ਹੈ। ਪ੍ਰਗਤੀਵਾਦੀ ਪ੍ਰਭਾਵ ਅਧੀਨ ਉਸ ਦੀ ਇਹ ਸਮੁੱਚੀ ਰਚਨਾ ਰਾਜਸੀ ਸੂਝ 'ਤੇ ਅਧਾਰਤ ਹੈ। ਸਮੁੱਚੇ ਰੂਪ ਵਿੱਚ ਪੁਸਤਕ ਪੜ੍ਹਨਯੋਗ ਹੈ। ਪੰਜਾਬੀ ਸਾਹਿਤ ਜਗਤ ਵਿਚ ਪੁਸਤਕ ਦਾ ਭਰਪੂਰ ਸਵਾਗਤ ਕਰਨਾ ਬਣਦਾ ਹੈ।

**— ਰਾਮਪਾਲ ਸ਼ਾਹਪੁਰੀ (ਡਾ.)**
ਮੋਬਾ. 99148-86310


---

# ਪੁਸਤਕ ਰੀਵਿਊ

## ਪ੍ਰਿੰ. ਤਰਸੇਮ ਬਾਹੀਆ ਸਿਮਰਤੀ ਗ੍ਰੰਥ

**ਸੰਪਾਦਕ-ਸੁਰਜੀਤ ਸਿੰਘ**
**ਸਫ਼ੇ-280, ਮੁੱਲ-500 ਰੁਪਏ**
**ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ**

ਬਠਿੰਡਾ ਜ਼ਿਲ੍ਹੇ ਦੇ ਵੱਡੇ ਪਿੰਡ ਮਹਿਰਾਜ ਦੇ ਜੰਮਪਲ, ਅਧਿਆਪਕ ਲਹਿਰਾਂ ਦੇ ਸੰਘਰਸ਼ੀ ਆਗੂ ਪ੍ਰਿੰ. ਤਰਸੇਮ ਬਾਹੀਆ (1943-2021) ਇੱਕ ਵੱਡੇ ਸਿੱਖਿਆ ਸ਼ਾਸਤਰੀ ਅਤੇ ਲੇਖਕ ਵਜੋਂ ਜਾਣੇ-ਪਛਾਣੇ ਸਦੀਵੀ ਅਮਰ ਰਹਿਣ ਵਾਲੇ ਇਨਸਾਨ ਹਨ। ਕੋਰੋਨਾ ਜਿਹੀ ਭਿਆਨਕ ਬਿਮਾਰੀ ਨੇ ਸਰੀਰਕ ਤੌਰ 'ਤੇ ਉਨ੍ਹਾਂ ਨੂੰ ਸਾਡੇ ਤੋਂ ਖੋਹ ਲਿਆ। ਉਨ੍ਹਾਂ ਦੇ ਸ਼ਰਧਾਂਜਲੀ ਸਮਾਗਮ ਸਮੇਂ ਉਨ੍ਹਾਂ ਦੇ ਨਿੱਕਟਵਰਤੀ ਪ੍ਰੋ. ਸੁਰਜੀਤ ਸਿੰਘ ਹੁਰਾਂ ਦੀ ਅਗਵਾਈ ਵਿੱਚ ਤਰਸੇਮ ਬਾਹੀਆ-ਯਾਦਗਾਰੀ ਟਰੱਸਟ ਖੰਨਾ ਬਣਾਇਆ ਗਿਆ। ਇਸ ਟਰੱਸਟ ਨੇ ਅਨੂ ਬਾਹੀਆ ਬਜਾਜ (ਧੀ), ਪ੍ਰਿੰ. ਕੁਲਦੀਪ ਸਿੰਘ ਕਲਸੀ ਅਤੇ ਬਲਵਿੰਦਰ ਸਿੰਘ ਗਰੇਵਾਲ ਦੀ ਸਹਿਯੋਗੀ ਸੰਪਾਦਨਾ ਵਿੱਚ 'ਪ੍ਰਿੰ. ਤਰਸੇਮ ਬਾਹੀਆ ਸਿਮਰਤੀ ਗ੍ਰੰਥ' ਪ੍ਰਕਾਸ਼ਿਤ ਕੀਤਾ ਹੈ, ਜਿਸ ਦੇ ਮੁੱਖ ਸੰਪਾਦਕ ਪ੍ਰੋ. ਸੁਰਜੀਤ ਸਿੰਘ ਹਨ।



ਇਸ ਸਿਮਰਤੀ ਗ੍ਰੰਥ ਵਿੱਚ ਤਿੰਨ ਭਾਗ ਹਨ। ਪਹਿਲੇ ਭਾਗ ਵਿੱਚ ਪ੍ਰਿੰ. ਬਾਹੀਆ ਦੇ ਜੀਵਨ ਬਾਰੇ 29 ਪੰਜਾਬੀ ਵਿੱਚ, 5 ਅੰਗਰੇਜ਼ੀ ਵਿੱਚ, ਇੱਕ ਹਿੰਦੀ ਵਿੱਚ ਕੁੱਲ 35 ਲੇਖ ਹਨ। ਲੇਖਾਂ ਦੇ ਕਰਤਾ ਪੰ. ਦੇ ਪ੍ਰਿੰਸੀਪਲ, ਪ੍ਰੋ. ਸਿੱਖਿਆ ਸ਼ਾਸਤਰੀ, ਟ੍ਰੇਡ ਯੂਨੀਅਨ ਆਗੂ ਪ੍ਰਿੰ. ਸਾਹਿਬ ਦੇ ਉੱਚੇ ਅਹੁਦਿਆਂ 'ਤੇ ਪਹੁੰਚੇ ਵਿਦਿਆਰਥੀ, ਧੀ ਅਨੂ ਬਾਹੀਆ ਬਜਾਜ, ਨੂੰਹ ਰਾਣੀ ਬਾਹੀਆ ਤੇ ਪੋਤਰੀ ਸ਼ੈਫਾਲੀ ਬਾਹੀਆ ਸ਼ਾਮਲ ਹਨ। ਪ੍ਰੋ. ਜਸਵੰਤ ਸਿੰਘ ਗੰਡਮ, ਪ੍ਰੋ. ਓਮ ਪ੍ਰਕਾਸ਼ ਵਸ਼ਿਸ਼ਟ, ਜਸਪਾਲ ਜੱਸੀ, ਹਰਦੇਵ ਸਿੰਘ ਅਰਸ਼ੀ, ਮੰਗਤ ਰਾਮ ਪਾਸਲਾ, ਬੰਤ ਬਰਾੜ, ਤੇਜਿੰਦਰ ਕੌਰ ਧਾਲੀਵਾਲ, ਬਲਵਿੰਦਰ ਸਿੰਘ ਗਰੇਵਾਲ, ਡਾ. ਸੁਰਜੀਤ ਸਿੰਘ, ਗੁਰਪ੍ਰੀਤ ਸਿੰਘ, ਸਤਨਾਮ ਚਾਨਾ, ਯਸਪਾਲ, ਡਾ. ਯੋਗਰਾਜ. ਡਾ. ਬਲਰਾਮ ਸ਼ਰਮਾ, ਡਾ. ਬਲਜਿੰਦਰ ਨਸਰਾਲੀ, ਪ੍ਰੋ. ਦਰਸ਼ਨ ਸਿੰਘ, ਪ੍ਰੋ. ਮੱਘਰ ਸਿੰਘ, ਸੁਖਦੇਵ ਸਿੰਘ ਰਾਣਾ, ਬੂਟਾ ਸਿੰਘ (IRS), ਏ.ਐੱਸ. ਵਿਰਕ, ਕੇ.ਬੀ.ਐੱਸ. ਸੋਢੀ, ਡਾ. ਬਲਦੇਵ ਸਿੰਘ, ਲਛਮਣ ਸਿੰਘ ਮਲੂਕਾ, ਜੈਪਾਲ ਸਿੰਘ, ਕੁਲਦੀਪ ਸਿੰਘ ਕਲਸੀ, ਪ੍ਰਿੰ. ਖੁਸ਼ਮਿੰਦਰ ਕੁਮਾਰ ਹੁਰਾਂ ਨੇ ਪ੍ਰਿੰ. ਬਾਹੀਆ ਨਾਲ ਯਾਦਾਂ ਤੇ ਉਨ੍ਹਾਂ ਦੇ ਗੁਣਾਂ ਦੀ ਸਾਂਝ ਪੁਆਈ ਹੈ।

ਪ੍ਰਿੰ. ਤਰਸੇਮ ਬਾਹੀਆ ਇੱਕ ਲੇਖਕ ਸਨ। ਉਨ੍ਹਾਂ ਨੇ 11 ਪੁਸਤਕਾਂ ਦੇ ਅਨੁਵਾਦ ਕੀਤੇ। ਕਈ ਪੁਸਤਕਾਂ ਵਿੱਚ ਉਨ੍ਹਾ ਦੀਆਂ ਰਚਨਾਵਾਂ ਛਪੀਆਂ। ਉਨ੍ਹਾਂ ਨੇ ਆਪਣੀ ਸਵੈ ਜੀਵਨੀ 'ਸੀਨੇ ਖਿੱਚ ਜਿਨ੍ਹਾਂ ਨੇ ਖਾਧੀ' ਲਿਖੀ। ਦੂਜੇ ਭਾਗ ਵਿੱਚ ਉਨ੍ਹਾਂ ਦੀ ਸਿਰਜਣਾ ਦੇ ਨਮੂਨੇ ਵਿੱਚੋਂ 4 ਰੁਬਾਈਆਂ, 7 ਕਵਿਤਾਵਾਂ, 3 ਗ਼ਜ਼ਲਾਂ ਅਤੇ ਇੱਕ ਕਹਾਣੀ ਸ਼ਾਮਲ ਹਨ ਤੇ ਅਜੋਕੀ ਸਿੱਖਿਆ (ਉਚੇਰੀ) ਬਾਰੇ ਦਸ ਵਿਚਾਰਸ਼ੀਲ ਲੇਖ ਹਨ। ਤੀਜੇ ਭਾਗ ਵਿੱਚ ਪ੍ਰਿੰ. ਬਾਹੀਆ ਦੇ ਜੀਵਨ ਦੇ 24 ਸਫ਼ਿਆਂ 'ਤੇ ਵੱਖ-ਵੱਖ ਸਮਿਆਂ ਦੇ ਚਿੱਤਰ ਹਨ।


ਇਉਂ ਇਹ ਪ੍ਰਿੰ. ਤਰਸੇਮ ਬਾਹੀਆ ਦੇ ਜੀਵਨ ਬਾਰੇ ਇੱਕ ਸੰਪੂਰਨ ਸਿਮਰਤੀ ਗ੍ਰੰਥ ਹੈ, ਜੋ ਬਹੁਤ ਮਿਹਨਤ ਨਾਲ ਸਮੱਗਰੀ ਇਕੱਤਰ ਕਰਕੇ ਸਿਰਜਿਆ ਗਿਆ ਹੈ। ਅਜਿਹੇ ਗ੍ਰੰਥ ਪ੍ਰੇਰਨਾਦਾਇਕ ਹੁੰਦੇ ਹਨ। ਇਤਿਹਾਸ ਦੀ ਸੰਭਾਲ, ਰਾਹ-ਦਸੇਰੇ ਤੇ ਭਵਿੱਖ ਦੇ ਸੁਚੱਜੇ ਜੀਵਨ ਦੇ ਆਗੂ ਬਣਦੇ ਹਨ। ਪ੍ਰਿੰ. ਤਰਸੇਮ ਬਾਹੀਆ ਜਿਹੇ ਸੰਘਰਸ਼ੀ ਲੇਖਕ, ਸਿੱਖਿਆ ਸ਼ਾਸਤਰੀ ਸੱਚਮੁੱਚ ਸਮਾਜ ਦੇ ਚਾਨਣ-ਮੁਨਾਰੇ ਹੁੰਦੇ ਹਨ। ਉਨ੍ਹਾਂ ਨਾਲ ਜੁੜੀਆਂ ਅਨੇਕਾਂ ਯਾਦਾਂ ਸਾਂਭਿਆ ਜਾਣ ਦਾ ਇਹ ਬਹੁਮੁੱਲਾ ਕਾਰਜ ਹੈ। ਸੰਪਾਦਕੀ ਟੀਮ ਤੇ ਪ੍ਰਿੰ. ਬਾਹੀਆ ਦਾ ਪਰਵਾਰ ਮੁਬਾਰਕ ਦਾ ਹੱਕਦਾਰ ਹੈ।

**- ਤੇਜਾ ਸਿੰਘ ਤਿਲਕ**

## ਤੁਣਕ ਤੁਣਕ ਤੁਣ

**(ਬਾਲ ਨਾਵਲ ਤੇ ਹੋਰ ਰਚਨਾਵਾਂ)**
**ਧਰਮ ਸਿੰਘ ਕੰਮੇਆਣਾ**
**ਪੰਨੇ-163, ਕੀਮਤ-295 ਰੁਪਏ**
**ਆਰਸੀ ਪਬਲਿਸ਼ਰਜ਼, ਨਵੀਂ ਦਿੱਲੀ**

ਧਰਮ ਸਿੰਘ ਕੰਮੇਆਣਾ ਦੀ ਇਹ ਪੁਸਤਕ ਬਾਲ ਨਾਵਲ, ਬਾਲ- ਸਫ਼ਰਨਾਮਾ, ਬਾਲ ਸਵੈ-ਜੀਵਨੀ, ਬਾਲ ਕਹਾਣੀਆਂ ਅਤੇ ਬਾਲ ਕਵਿਤਾਵਾਂ ਦਾ ਖ਼ੂਬਸੂਰਤ ਸੁਮੇਲ਼ ਹੈ। ਪੁਸਤਕ 'ਚ ਸ਼ਾਮਲ ਤਿੰਨ ਬਾਲ ਨਾਵਲ 'ਤੁਣਕ ਤੁਣਕ ਤੁਣ', 'ਭੋਲੂ', 'ਮਿਹਨਤ ਦੇ ਰੰਗ' ਪਾਠਕਾਂ ਨੂੰ ਆਪਣੇ ਨਾਲ ਤੋਰਨ ਦੀ ਸਮਰੱਥਾ ਰੱਖਦੇ ਹਨ। ਜਿੱਥੇ ਬਾਲ ਨਾਵਲ 'ਤੁਣਕ ਤੁਣਕ ਤੁਣ' ਅਤੇ 'ਮਿਹਨਤ ਦੇ ਰੰਗ' ਜੀਵਨ 'ਚ ਸਫ਼ਲਤਾ ਲਈ ਮਿਹਨਤ ਦੀ ਹਾਮੀ ਭਰਦਿਆਂ ਸਕਾਰਾਤਮਕ ਨਜ਼ਰੀਆ ਸਿਰਜਦੇ ਨਜ਼ਰ ਆਉਂਦੇ ਹਨ, ਉੱਥੇ ਬਾਲ ਨਾਵਲ 'ਭੋਲੂ' ਦਰਸਾਉਂਦਾ ਹੈ ਕਿ ਘਰ ਰੱਖੇ ਪਾਲਤੂ ਜਾਨਵਰ ਕਿਵੇਂ ਦਿਲਾਂ 'ਚ ਆਪਣੇ ਲਈ ਮੋਹ ਭਰੀ ਖਿੱਚ ਪੈਦਾ ਕਰ, ਪਰਵਾਰਕ ਜੀਅ ਵਾਂਗੂੰ ਹੀ ਆਦਰ-ਮਾਣ ਪ੍ਰਾਪਤ ਕਰਦੇ ਹਨ।



ਤੇਰਾਂ ਬਾਲ ਕਹਾਣੀਆਂ ਅਨੁਸ਼ਾਸਨ, ਇਮਾਨਦਾਰੀ, ਮਿਹਨਤ, ਸਮੇਂ ਦੀ ਕਦਰ, ਵਾਤਾਵਰਨ ਦੀ ਸ਼ੁੱਧਤਾ ਲਈ ਰੁੱਖਾਂ ਦੇ ਮਹੱਤਵ, ਜਾਨਵਰਾਂ ਦੀ ਵਫ਼ਾਦਾਰੀ, ਕਿਸੇ ਨਾਲ ਧੋਖਾ ਨਾ ਕਰਨਾ ਆਦਿ ਚੰਗੀਆਂ ਕਦਰਾਂ-ਕੀਮਤਾਂ ਵੱਲ ਸੰਕੇਤ ਕਰਦੀਆਂ ਹਨ। ਕਹਾਣੀਆਂ ਦਰਸਾਉਂਦੀਆਂ ਹਨ ਕਿ ਜੇਕਰ ਇੱਛਾ ਸ਼ਕਤੀ ਹੋਵੇ ਤਾਂ ਸਰੀਰਕ ਅਪੰਗਤਾ ਕਿਸੇ ਵੀ ਕਾਮਯਾਬੀ 'ਚ ਅੜਿੱਕਾ ਨਹੀਂ ਬਣ ਸਕਦੀ। ਗਿਆਨ ਦੀ ਦੌਲਤ ਦੁਨੀਆ ਦੀ ਸਭ ਤੋਂ ਵੱਡੀ ਦੌਲਤ ਹੈ। ਪਟਿਆਲਾ ਤੋਂ ਮੈਕਲੋਡਗੰਜ ਬਾਲ-ਸਫ਼ਰਨਾਮਾ 'ਚ ਲੇਖਕ ਵੱਲੋਂ ਸਿੱਖ ਇਤਿਹਾਸ 'ਚ ਦਰਜ ਇਤਿਹਾਸਕ ਥਾਵਾਂ ਜਿਵੇਂ ਕਿ 'ਸਰਹਿੰਦ', 'ਫ਼ਤਿਹਗੜ੍ਹ ਸਾਹਿਬ', 'ਆਨੰਦਪੁਰ ਸਾਹਿਬ', 'ਗੁਰਦੁਆਰਾ ਕੇਸਗੜ੍ਹ ਸਾਹਿਬ', 'ਮੰਡੀ ਰਵਾਲਸਰ', 'ਬਿਭੌਰ ਸਾਹਿਬ' ਆਦਿ ਥਾਵਾਂ ਦਾ ਜ਼ਿਕਰ ਗਿਆਨ ਭਰਪੂਰ ਹੈ।

'ਮੁਢਲੇ ਕਦਮ' ਬਾਲ ਸਵੈ-ਜੀਵਨੀ 'ਚ ਲੇਖਕ ਨੇ ਆਪਣੇ ਜੀਵਨ ਦੀਆਂ ਯਾਦਾਂ ਅਤੇ ਬਾਲ ਘਟਨਾਵਾਂ ਨੂੰ ਬਹੁਤ ਰੌਚਕਤਾ ਨਾਲ ਸਿਰਜਿਆ ਹੈ। ਲੇਖਕ ਨੇ ਆਪਣੇ ਜਨਮ, ਪਰਵਾਰ, ਸਿੱਖਿਆ ਪ੍ਰਾਪਤੀ, ਸਕੂਲ ਦਾ ਮਾਹੌਲ, ਲਾਊਡ ਸਪੀਕਰਾਂ ਰਾਹੀਂ ਸੁਣੇ ਗੀਤਾਂ ਰਾਹੀਂ ਗੀਤ ਲਿਖਣ ਦੀ ਚੇਟਕ, ਬਚਪਨ ਦੀਆਂ ਖੇਡਾਂ, ਆਪਣੇ ਘਰੇਲੂ ਮਾਹੌਲ, ਆਪਣੀ ਪੜ੍ਹਾਈ ਛੱਡਣ ਅਤੇ ਮੁੜ ਪੜ੍ਹਾਈ ਦੀ ਕੰਨੀ ਫੜ ਜੀਵਨ 'ਚ ਪ੍ਰਾਪਤ ਸਫ਼ਲਤਾ ਆਦਿ ਬਾਰੇ ਬੜੇ ਬੇਬਾਕੀ ਨਾਲ ਜ਼ਿਕਰ ਕੀਤਾ ਹੈ।

ਪੁਸਤਕ 'ਚ ਸਾਂਝੀਆਂ ਕੀਤੀਆਂ ਗਈਆਂ ਬਾਰਾਂ ਬਾਲ ਕਵਿਤਾਵਾਂ ਬੱਚਿਆਂ ਨੂੰ ਚੰਗੀ ਸਿੱਖਿਆ ਦੇਣ ਲਈ ਸਿਰਜੀਆਂ ਗਈਆਂ ਹਨ।

ਭਾਵੇਂ ਪੁਸਤਕ ਬੱਚਿਆਂ ਦੇ ਬਾਲ ਮਨੋਗਿਆਨ ਨੂੰ ਧਿਆਨ 'ਚ ਰੱਖ ਕੇ ਸਿਰਜੀ ਗਈ ਹੈ, ਪੁਸਤਕ 'ਚ ਵਰਤੇ ਗਏ ਸ਼ਬਦ, ਵਾਕ ਆਦਿ ਬੱਚਿਆਂ ਦੇ ਹਾਣ ਦੇ ਹਨ, ਪਰ ਇਸ ਪੁਸਤਕ ਦਾ ਵੱਡਾ ਆਕਾਰ ਇਸ ਦੀ ਵੱਡੀ ਖਾਮੀ ਮੰਨੀ ਜਾ ਸਕਦੀ ਹੈ। ਆਮ ਤੌਰ 'ਤੇ ਬੱਚੇ ਘੱਟ ਸਫ਼ਿਆਂ ਵਾਲੀਆਂ ਪੁਸਤਕਾਂ ਵੱਲ ਆਕਰਸ਼ਿਤ ਹੁੰਦੇ ਹਨ। ਹਰ ਬੱਚੇ ਦੇ ਵੱਖਰੇ ਸੁਭਾਅ ਕਾਰਨ ਕੁਝ ਬੱਚੇ ਨਾਵਲ, ਬਾਲ ਕਹਾਣੀਆਂ ਪਸੰਦ ਤਾਂ ਕੁਝ ਬਾਲ ਕਵਿਤਾਵਾਂ, ਸਵੈ ਜੀਵਨੀ ਜਾਂ ਬਾਲ ਸਫ਼ਰ-ਨਾਮਾ। ਇਸ ਲਈ ਇਸ ਕਿਤਾਬ ਨੂੰ ਵੱਖੋ-ਵੱਖਰੀ ਵਿਧਾ ਅਨੁਸਾਰ ਵੰਡ ਕੇ ਵੱਖ-ਵੱਖ ਕਿਤਾਬਾਂ ਰਾਹੀਂ ਵੱਧ ਪ੍ਰਭਾਵਸ਼ਾਲੀ ਬਣਾਇਆ ਜਾਂਦਾ ਹੈ।

**— ਮਨਦੀਪ ਰਿੰਪੀ**

# ਰਣਜੀਤ ਆਜ਼ਾਦ ਕਾਂਝਲਾ ਦੀਆਂ ਮਿੰਨੀ ਕਹਾਣੀਆਂ



## ਸੀਰ-ਸਾਂਝ

ਉਸ ਦੇ ਭਰਾ ਦੀ ਅਰਥੀ ਮੜ੍ਹੀਆਂ ਵਿਚ ਲੈ ਆਏ।ਨਗਰ ਦੇ ਲੋਕ, ਰਿਸ਼ਤੇਦਾਰ-ਸੰਬੰਧੀ, ਮਿੱਤਰ, ਦੋਸਤ ਤੇ ਹੋਰ ਹਮਦਰਦ ਲੋਕ ਇਕ ਪਾਸੇ ਖਲੋ ਗਏ। ਭਰੇ ਮਨ ਨਾਲ ਭਰਾ ਤੇ ਹੋਰ ਮਿੱਤਰ ਚਿਖਾ ਤਿਆਰ ਕਰਨ ਇਕਤਰਫ ਹੋ ਗਏ। ਬੜੇ ਹੀ ਗਮਗੀਨ ਮਹੌਲ ਵਿਚ ਭਰਾਵਾਂ ਵੱਲੋਂ ਆਪਣੇ ਭਰਾ ਦੀ ਮ੍ਰਿਤਕ ਦੇਹ ਚਿਖਾ ’ਤੇ ਰੱਖ ਦਿੱਤੀ। ਜੋ ਅੰਤਿਮ ਰਸਮਾਂ ਹੁੰਦੀਆਂ ਹਨ, ਉਹ ਵੱਡੇ ਭਾਈ ਨੇ ਡਾਢੇ ਭਰੇ ਮਨ ਨਾਲ ਨਿਭਾਅ ਦਿੱਤੀਆਂ, ਕਿਉਂਕਿ ਮ੍ਰਿਤਕ ਭਰਾ ਫਕੀਰਨੁਮਾ ਸੁਭਾਅ ਦਾ ਹੋਣ ਕਰਕੇ ਗ੍ਰਹਿਸਥੀ ਜੀਵਨ ਵਿਚ ਨਹੀਂ ਪਿਆ ਸੀ।

ਅਕਸਰ ਮ੍ਰਿਤਕ ਦੇਹ ਨੂੰ ਅਗਨੀ ਉਸ ਪ੍ਰਾਣੀ ਦੇ ਪੁੱਤਰ-ਧੀ ਵੱਲੋਂ ਹੀ ਦਿੱਤੀ ਜਾਂਦੀ ਹੈ, ਪਰੇ ਖੜ੍ਹਾ ਮ੍ਰਿਤਕ ਵੀਰ ਦਾ ਪਿਤਾ ਬਹੁਤ ਗਹਿਰੇ ਦੁਖੀ ਮਨ ਨਾਲ ਵੇਖ ਜ਼ਰੂਰ ਰਿਹਾ ਸੀ, ਪਰ ਉਹ ਅੰਦਰੋ-ਅੰਦਰ ਟੁੱਟਦਾ- ਭੁਰਦਾ ਜਾ ਰਿਹਾ ਸੀ।

ਗਮਗੀਨ ਮਹੌਲ ਵਿਚ ਨੜੋਏ ਆਏ, ਪਰੇ ਖਲੋਤਿਆਂ ਵਿੱਚੋਂ ਇਕ ਆਵਾਜ਼ ਉੱਭਰੀ, ‘ਅਗਨੀ ਕੌਣ ਦੇਊਗਾ?’ ਸਭਨਾਂ ਦੀਆਂ ਨਜ਼ਰਾਂ ਤੇ ਮੁੱਖ ਮ੍ਰਿਤਕ ਪ੍ਰਾਣੀ ਦੇ ਪਿਤਾ ਵੱਲ ਹੋ ਗਏ। ਮ੍ਰਿਤਕ ਪੁੱਤਰ ਦੇ ਪਿਤਾ ਨੇ ਬਿਨਾਂ ਕੁਝ ਬੋਲਿਆਂ ਆਪਣੇ ਵੱਡੇ ਪੁੱਤਰ ਵੱਲ ਹੱਥ ਕਰ ਦਿੱਤਾ।

ਵੱਡੇ ਭਰਾ ਦੇ ਮ੍ਰਿਤਕ ਦੇਹ ਨੂੰ ਅਗਨੀ ਦਿੰਦਿਆਂ ਹੀ ਸੁਰਖ ਅੱਗ ਦੀਆਂ ਲਾਟਾਂ ਜਿਉਂ ਹੀ ਆਕਾਸ਼ ਵੱਲ ਉੱਠੀਆਂ, ਪਿਤਾ ਨੇ ਝੱਟ ਪਿੱਠ ਕਰ ਲਈ ਤੇ ਸਭ ਤੋਂ ਛੋਟੇ ਪੁੱਤਰ ਨੇ ਆਪਣੇ ਬਾਪੂ ਨੂੰ ਗਲਵੱਕੜੀ ਵਿਚ ਘੁੱਟ ਲਿਆ ਤੇ ਦੋਵਾਂ ਦੇ ਜਾਰੋ-ਜਾਰ ਵਹਿੰਦੇ ਹੰਝੂ ਹਟਕੋਰਿਆਂ ਵਿਚ ਬਦਲ ਗਏ।

ਅਰਥੀ ਨਾਲ ਆਏ ਪਰੇ ਖਲੋਤੇ ਲੋਕਾਂ ਵਿੱਚੋਂ ਕੁਝ ਕਹਿ ਰਹੇ ਸਨ ਕਿ ਜਿਹੋ ਜਿਹਾ ਵਿਚਾਰਾ ਜਹਾਨ ’ਤੇ ਆਇਆ ਨਾ ਆਇਆ ਇਕ ਬਰਾਬਰ ਐ। ਬਸ ਉਹਦਾ ਆਪਣਾ ਤੇ ਪਰਵਾਰ ਦਾ ਐਨਾ ਹੀ ਸੀਰ-ਸਾਂਝ ਸੀ।

## ਆਪਣੀ ਤੇ ਪਰਾਈ

‘ਬੇਬੇ! ਮੇਰੀ ਵਿਚਕਾਰਲੀ ਚਾਚੀ ਕਦੋਂ ਆਊਗੀ?’ ਅੱਠ ਕੁ ਸਾਲ ਦੀ ਪੋਤੀ ਨੇ ਦਾਦੀ ਨੂੰ ਪੁੱਛਿਆ।

‘ਤੇਰਾ ਚਾਚਾ ਨੀਂ ਲਿਆਉਂਦਾ!’ ਅੱਗੋਂ ਦਾਦੀ ਨੇ ਘੜਿਆ-ਘੜਾਇਆ ਜਵਾਬ ਦਿੱਤਾ।

‘ਕਿਉਂ ਨੀਂ ਲਿਆਉਂਦਾ ਚਾਚਾ? ਉਹ ਤਾਂ ਮੈਨੂੰ ਕਿੰਨਾ ਲਾਡ-ਪਿਆਰ ਕਰਦੀ ਐ !..!!’ ਪੋਤੀ ਨੇ ਅੱਗੋਂ ਹੋਰ ਸਵਾਲ ਕਰ ਦਿੱਤਾ।

‘...ਮੈਨੂੰ ਨੀਂ ਪਤਾ, ਆਪਣੇ ਚਾਚੇ ਤੋਂ ਈ ਪੁੱਛ ’ਲੀਂ ਆਥਣੇ ਖੇਤੋਂ ਆਏ ਨੂੰ।’

ਦਾਦੀ ਪੋਤੀ ਦੀਆਂ ਇਹਨਾਂ ਗੱਲਾਂ ਤੋਂ ਚਿੜ੍ਹ ਗਈ ਸੀ।

‘...ਉਹ ਕਿਮੇਂ ਆ ’ਜੁ ਹੁਣ ਏਸ ਘਰ ’ਚ? ਸਾਰੇ ਅੰਗ ਸਾਕ ਵਿਚ ਸਾਡਾ ਉਹਨਾ ਨੇ ਨੱਕ ਵੱਢ ’ਤਾ ! ਮੇਰਾ ਐਡਾ ਸੋਹਣਾ-ਸੁਨੱਖਾ ਜਵਾਨ ਕਮਾਊ ਪੁੱਤ! ਕੀ ਸਰਿਆ ਚੌਰਿਆਂ ਤੋਂ ਆਹ ਚਾਰ ਲੀਰਾਂ !..!! ਨਾ ਕੋਈ ਕਾਰ, ਨਾ ਕੋਈ ਹੋਰ ਚੱਜ ਦਾ ਗਹਿਣਾ ਗੱਟਾ ਤੇ ਕੱਪੜਾ ਲੱਤਾ ??..!!’ ਦਾਦੀ ਡਾਢੇ ਗੁੱਸੇ ਵਿਚ ਝੱਗ ਸੁੱਟ ਰਹੀ ਸੀ। ਪੋਤੀ ਦੇ ਬਾਲ ਮਨ ਵਿਚ ‘ਨੱਕ ਵੱਢ’ਤਾ’ ਵਾਲੀ ਗੱਲ ਘਰ ਕਰ ਗਈ।

ਸਮਾਂ ਆਪਣੀ ਭੌਣੀ ਦੁਆਲੇ ਘੁੰਮਦਾ ਗਿਆ। ਕੁਝ ਦਿਨਾਂ ਪਿੱਛੋਂ ਉਸ ਪੋਤੀ ਦੀ ਭੂਆ ਜੀਹਦਾ ਵਿਆਹ ਹੋਏ ਨੂੰ ਅਜੇ ਚਾਰ ਕੁ ਮਹੀਨੇ ਹੋਏ ਸਨ, ਆਪਣੇ ਪੇਕੇ ਘਰ ਆ ਬੈਠੀ, ਸਹੁਰਿਆਂ ਨਾਲ ਲੜ ਕੇ। ਲਗਾਤਾਰ ਕਾਫੀ ਸਮੇਂ ਤੋਂ ਰਹਿ ਰਹੀ ਭੂਆ ਪ੍ਰਤੀ ਸੋਚ ਕੇ ਦਾਦੀ ਦੀ ਪੋਤੀ ਨੇ ਇਕ ਦਿਨ ਅਚੇਤ ਮਨ ਹੀ ਪੁੱਛਿਆ, ‘ਬੇਬੇ ! ਮੇਰੀ ਭੂਆ ਆਪਣੇ ਸਹੁਰੀਂ ਕਦ ਜਾਊਗੀ?’ ‘...ਇਹ ਨੀਂ ਜਾਂਦੀ ਹੁਣ ਸਹੁਰੀਂ !..!!’ ਦਾਦੀ ਨੇ ਕੁਝ ਖਫ਼ਾ ਹੁੰਦੀ ਨੇ ਕਿਹਾ। ‘ਉਦੋਂ ਤਾਂ ਕਹਿੰਦੇ ਸਾਨੂੰ ਸੋਹਣੀ, ਸੁਨੱਖੀ, ਸੁਹੱਨਗੀ ਲੜਕੀ ਚਾਹੀਦੀ ਐ! ਹੋਰ ਕਾਸੇ ਦੀ ਕੋਈ ਲੋੜ ਨ੍ਹੀਂ ! ਹੁਣ ਉਹੀ ਦਾਜ ਲਈ ਐਡਾ ਮੂੰਹ..!.!!’

‘ਕਿਉਂ! ਬੇਬੇ? ਭੂਆ ਨੇ ਵੀ ਮੇਰੀ ਚਾਚੀ ਮਾਂਗੂੰ ਆਪਣੇ ਸਹੁਰਿਆਂ ਦਾ ਨੱਕ ਵੱਢ’ਤਾ?..??’ ਪੋਤੀ ਦਾ ਪਵਿੱਤਰ ਮਨ ਬੋਲਿਆ। ਕਾਹਨੂੰ ਧੀਏ ! ਤੇਰੀ ਭੂਆ ਦੇ ਤਾਂ ਖੋਟੇ ਲੇਖ ਲਿਖ’ਤੇ.!..!!’ ਦਾਦੀ ਨੇ ਪੋਤੀ ਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਡੁਸਕਣ ਲੱਗ ਪਈ।

## ਮਾਂ ਦਾ ਪਿਆਰ

ਬਚਪਨ ਦੇ ਦਿਨਾਂ ਦੀ ਘਟਨਾ ਹੈ। ਮੈਂ, ਬਲਦੇਵ ਦੇਬੂ, ਕੁੱਕੂ ਤੇ ਜੈਲਾ ਪੁਰਾਣੇ ਟੁੱਟੇ ਹੋਏ ਬਿਨਾਂ ਪਹੀਏ ਵਾਲੇ ਗੱਡੇ ’ਤੇ ਖੇਡ ਰਹੇ ਸਾਂ। ਟਪੂਸੀਆਂ ਮਾਰਦੇ ਕਦੇ ਏਧਰ ਤੇ ਕਦੇ ਓਧਰ ਆਨੰਦ ਮਾਣ ਰਹੇ ਸਾਂ। ਉਥਲ-ਪੁਥਲ ਹੁੰਦੇ ਮੌਜ-ਮਸਤੀ ਮਨਾ ਰਹੇ ਸਾਂ। ਵਾਹਵਾ ਰੌਣਕ-ਮੇਲਾ ਜੁੜਿਆ ਹੋਇਆ ਸੀ। ਉਹਨਾਂ ਦਿਨਾਂ ਵਿੱਚ ਮਿੱਤਰ-ਮੇਲੀ ਏਸੇ ਤਰ੍ਹਾਂ ਹੀ ਇਕੱਠੇ ਖੇਡ-ਕੁੱਦ ਕਰਕੇ ਮਨੋਰੰਜਨ ਕਰਿਆ ਕਰਦੇ ਸਨ। ਅੱਜ ਵਾਂਗ ਕੇਬਲ-ਟੀ.ਵੀ. ਵਗੈਰਾ ਨਹੀਂ ਸਨ ਹੁੰਦੇਸ਼। ਟਾਂਵੇਂ-ਵਿਰਲੇ ਕਿਸੇ ਰੱਜੇ-ਪੁੱਜੇ ਘਰ ਇੱਕ- ਅੱਧ ਰੇਡੀਓ ਮਸਾਂ ਹੁੰਦਾ ਸੀ।

ਦੇਬੂ ਦਾ ਵੱਡਾ ਭਾਈ ਕਿਤੋਂ ਇੱਕ ਵਧੀਆ ਲੰਮਾ ਮਿੱਠਾ ਗੰਨਾ ਲੈ ਆਇਆ ਤੇ ਉਹਨੇ ਆਪਣੇ ਭਰਾ ਦੇਬੂ, ਜੈਲੇ ਤੇ ਕੁੱਕੂ ਨੂੰ ਉਹ ਪੂਰਾ ਗੰਨਾ ਤਿੰਨ ਹਿੱਸਿਆਂ ਵਿੱਚ ਭੰਨ ਕੇ ਦੇ ਦਿੱਤਾ ਤੇ ਉਹ ਤਿੰਨੇ ਜਣੇ ਗੰਨਾ ਚੂਪਣ ਦਾ ਆਨੰਦ ਮਾਨਣ ਲੱਗੇ। ਮੈਂ ਪਰੇ ਇਕੱਲਾ ਲਲਚਾਈਆਂ ਨਜ਼ਰਾਂ ਨਾਲ ਉਹਨਾਂ ਵੱਲ ਤੱਕਦਾ ਹੋਇਆ ਖੇਡ ਜ਼ਰੂਰ ਰਿਹਾ ਸਾਂ, ਪਰ ਮੇਰਾ ਮਨ ਹੁਣ ਪਹਿਲਾਂ ਨਾਲੋਂ ਕੁੱਝ-ਕੁੱਝ ਉੱਖੜਿਆ ਜਾਪਦਾ ਸੀ।

ਪਤਾ ਨਹੀਂ ਕਿੱਧਰੋਂ ਮੇਰੀ ਜਨਣੀ (ਮਾਂ) ਸਾਨੂੰ ਓਥੇ ਖੇਡਦਿਆਂ ਨੂੰ ਵੇਖ ਓਧਰ ਅਚਾਨਕ ਆ ਪਹੁੰਚੀ ਤੇ ਉਹਦੇ ਇਹ ਵੇਖਦੇ ਹੀ ਦਿਲ ਵਿਚ ਡੋਬੂ ਜਿਹਾ ਪੈਣ ਲੱਗਾ ਕਿ ਹੋਰ ਬਾਕੀ ਮੁੰਡਿਆਂ ਦੇ ਮੂੰਹ ਵਿੱਚ ਗੰਨੇ ਦੀ ਟੋਰੀ ਹੈ, ਪਰ ਮੇਰੇ ਪੁੱਤਰ ਜੀਤੇ ਦਾ ਮੂੰਹ ਸੱਖਣਾ।....ਆਹ। ਮਾਂ ਦਾ ਦਿਲ ਫੇਰ ਉਹ ਗੰਨਾ ਚੂਪ ਰਹੇ ਮੇਰੇ ‘ਬੇਲੀਆਂ’ ਪਾਸ ਆਈ ਤੇ ਕਹਿਣ ਲੱਗੀ, ‘ਵੇ ਇੱਕ ਟੋਰੀ ਇਹਨੂੰ (ਜੀਤੇ) ਨੂੰ ਵੀ ਦੇ ਦੋ, ਥੋਡਾ ਮਿੱਤਰ-ਬੇਲੀ ਐ....।’ ਮਾਂ ਦੇ ਬੋਲਾਂ ਵਿੱਚ ਤਰਲੇ ਤੇ ਮਮਤਾ ਦਾ ਰਲਿਆ-ਮਿਲਿਆ ਨਿੱਘ ਮਾਲੂਮ ਹੁੰਦਾ ਸੀ।

ਇਹ ਹੈ ਮਾਂ ਦੀ ਮਮਤਾ ਤੇ ਪਿਆਰ, ਜੋ ਦਰਿਆਵਾਂ ਦੀ ਗਹਿਰਾਈ ਤੋਂ ਵੀ ਵੱਧ ਡੂੰਘਾ ਹੁੰਦਾ ਹੈ। ਰੱਬ ਦਾ ਦੂਜਾ ਨਾਂਅ ਹੀ ਮਾਂ ਹੈ ਦੁਨੀਆ ਵਾਲਿਓ। ਮੈਨੂੰ ਮਾਂ ਦੇ ਅਨੂਠੇ ਪਿਆਰ ਅੱਗੇ ਮਿੱਤਰਾਂ ਦਾ ਦਿਖਾਵੇ-ਰੂਪੀ ਮੋਹ ਦਮ ਤੋੜਦਾ ਮਾਲੂਮ ਹੋ ਰਿਹਾ ਸੀ।

ਹੁਣ ਜਦੋਂ ਸੱਚਮੁੱਚ ਮਾਂ ਅੱਖਾਂ ਤੋਂ ਓਝਲ ਹੋ ਗਈ ਹੈ ਤਾਂ ਮਾਂ ਦੇ ਪਿਆਰ ਦਾ ਅਹਿਸਾਸ ਹੋ ਰਿਹਾ ਤੇ ਬਚਪਨ ਦੀ ਇਹ ਝਾਕੀ ਫਿਲਮ ਦੇ ਦ੍ਰਿਸ਼ ਵਾਂਗ ਮੇਰੀਆਂ ਅੱਖਾਂ ਅੱਗੇ ਨੱਚਣ ਲੱਗ ਪੈਂਦੀ ਹੈ। ਬਸ ਮੂੰਹੋਂ ਏਹੀ ਸ਼ਬਦ ਨਿਕਲਦੇ ਐ, ‘ਧੰਨ ਹੈ ਤੇਰਾ ਪਿਆਰ।’

## ਦਿਲ ’ਚ ਵਾਸਾ

ਘਰ ਦਾ ਪਲੱਸਤਰ ਹੋ ਰਿਹਾ ਸੀ। ਮਿਸਤਰੀ ਮੇਰੇ ਸੁਭਾਅ ਨੂੰ ਭਾਂਪਦਿਆਂ ਬੋਲਿਆ, ‘ਮਾਸਟਰ ਜੀ, ਇੱਕ ਬਾਬੇ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਜੀ ਦੀ ਗਲੇਜ਼ਡ ਟਾਈਲ ਲਿਆ ਦਿਓ, ਆਪਣੇ ਮਨ-ਗੇਟ ਦੇ ਉੱਪਰ ਫਿੱਟ ਕਰ ਦਿਆਂਗੇ।’

ਮੈਂ ਮਿਸਤਰੀ ਦੀ ਇਹ ਕਹੀ ਗੱਲ ਅਣਸੁਣੀ ਕਰਕੇ ਕਿਸੇ ਹੋਰ ਕੰਮ ਵੱਲ ਧਿਆਨ ਮੋੜ ਲਿਆ। ਮਿਸਤਰੀ ਇਹ ਸਮਝਿਆ ਕਿ ਮਾਸਟਰ ਜੀ ਨੂੰ ਮੇਰੀ ਇਹ ਗੱਲ ਸੁਣੀ ਨਹੀਂ ਜਾਂ ਭੁੱਲ’ਗੇ।

ਚੱਲਦੇ ਕੰਮ ਵਿੱਚ ਚਾਹ ਪੀ ਕੇ ਇੱਕ ਪਾਸੇ ਗਲਾਸ ਰੱਖਦਾ ਮਿਸਤਰੀ ਫੇਰ ਬੋਲਿਆ, ‘ਮਾਸਟਰ ਜੀ ਚੌਧਰੀਆਂ ਦੀ ਦੁਕਾਨ ਤੋਂ ਬਾਬੇ ਨਾਨਕ ਜਾਂ ਗੁਰੂ ਗੋਬਿੰਦ ਸਿੰਘ ਜੀ ਦੀ ਗਲੇਜ਼ਡ ਟਾਈਲ ਲੈ ਆਓ, ਆਪਣੇ ਮੇਨ-ਗੇਟ ਦੇ ਮੱਥੇ ’ਤੇ ਫਿੱਟ ਕਰ ਦਿਆਂਗੇ।’

ਮੈਂ ਹੁਣ ਵੀ ਚੁੱਪ ਰਿਹਾ। ਮੇਰੇ ਮੂੰਹ ਵੱਲ ਤੱਕਦਾ ਮਿਸਤਰੀ ਦੁਬਾਰਾ ਬੋਲਿਆ, ‘ਕਿਉਂ ਮਾਸਟਰ ਜੀ ਵਧੀਆ ਲੱਗੂ...।’

‘...ਮਿਸਤਰੀ ਸਾਹਿਬ ਜੀ, ਜਿਹਨਾਂ ਦੀ ਤਸਵੀਰ ਤੁਸੀਂ ਘਰ ਦੇ ਮੇਨ-ਗੇਟ ’ਤੇ ਲਾਉਣ ਬਾਰੇ ਕਹਿ ਰਹੇ ਹੋ, ਉਹ ਤਾਂ ਸਾਡੇ ਹਿਰਦੇ ਵਿਚ ਵਸਦੇ ਐ। ਇਉਂ ਲਾਉਣ ਨਾਲ ਤਾਂ ਦਿਖਾਵੇਬਾਜ਼ੀ ਹੋ ਜਾਵੇਗੀ ਤੇ ਫੇਰ ਆਪਾਂ ਉਹਨਾਂ ਤਸਵੀਰਾਂ ਦੀ ਬੇਅਦਬੀ ਕਰਦੇ ਹਾਂ। ਇਹਦੇ ਨਾਲੋਂ ਤਾਂ ਚੰਗਾ ਹੈ ਕਿ.....।’

ਮਿਸਤਰੀ ਨੇ ਮੋੜਵਾਂ ਹੁੰਗਾਰਾ ਭਰਦਿਆਂ ਕਿਹਾ, ‘ਮਾਸਟਰ ਜੀ, ਗੱਲ ਕਰਨ ਦਾ ਸੁਆਦ ਹੀ ਆ ਗਿਆ ਹੈ। ਗੱਲ ਤਾਂ ਤੁਹਾਡੀ ਖਰੀ ਤੇ ਸਹੀ ਐ...।’ ਐਨਾ ਕਹਿ ਮੁੜ ਮਿਸਤਰੀ ਕੰਮ ’ਚ ਰੁੱਝ ਗਿਆ।

## ਆਜ਼ਾਦੀ ਦਾ ਅਰਥ

ਸਕੂਲ ਵਿੱਚ ਗਣਤੰਤਰ ਦਿਵਸ ਦੀ 77ਵੀਂ ਵਰ੍ਹੇਗੰਢ ਮਨਾਈ ਜਾ ਰਹੀ ਸੀ। ਬੱਚੇ ਖੁਸ਼ੀ ਨਾਲ ਫੁੱਲੇ ਨਹੀਂ ਸਮਾ ਰਹੇ ਸਨ। ਉਹਨਾਂ ਨੂੰ ਦੇਸ਼ ਦੀ ਆਜ਼ਾਦੀ ਪ੍ਰਤੀ ਅਥਾਹ ਪ੍ਰੇਮ ਸੀ। ਬੱਚਿਆਂ ਨੇ ਦੇਸ਼-ਪਿਆਰ, ਦੇਸ਼-ਭਗਤੀ ਤੇ ਆਜ਼ਾਦੀ ਪ੍ਰਤੀ ਗੀਤ ਤੇ ਕਵਿਤਾਵਾਂ ਪੜ੍ਹੀਆਂ।

ਮੁੱਖ ਅਧਿਆਪਕ ਨੇ ਵਿਦਿਆਰਥੀਆਂ ਨੂੰ ਮਨਾਏ ਜਾ ਰਹੇ ਆਜ਼ਾਦੀ ਦਿਹਾੜੇ ਦੀ ਵਧਾਈ ਦਿੰਦਿਆਂ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ, ‘ਸਾਡੇ ਦੇਸ਼ ਦੇ ਸੂਰਬੀਰ ਯੋਧਿਆਂ ਨੇ ਆਪਣੀਆਂ ਕੀਮਤੀ ਜਾਨਾਂ ਵਾਰ ਕੇ, ਅਨੇਕਾਂ ਪ੍ਰਕਾਰ ਦੇ ਤਸੀਹੇ ਸਹਿ ਕੇ ਸਾਨੂੰ ਆਜ਼ਾਦੀ ਪ੍ਰਾਪਤ ਕਰਕੇ ਦਿੱਤੀ। ਹੁਣ ਸਾਡਾ ਸਭਨਾਂ ਦਾ ਫਰਜ਼ ਬਣਦਾ ਹੈ ਕਿ ਮਹਿੰਗੇ ਮੁੱਲ ਪ੍ਰਾਪਤ ਕੀਤੀ ਆਜ਼ਾਦੀ ਨੂੰ ਸਦਾ ਬਰਕਰਾਰ ਰੱਖੀਏ। ਸਾਡੇ ਸੁਤੰਤਰ ਹੋਣ ਨਾਲ ਹਰੇਕ ਨੂੰ ਬੋਲਣ, ਤੁਰਨ, ਫਿਰਨ, ਕਿਸੇ ਵੀ ਧਰਮ ਨੂੰ ਮੰਨਣ, ਜਾਇਦਾਦ ਖਰੀਦਣ-ਵੇਚਣ ਦਾ ਪੂਰਨ ਅਧਿਕਾਰ ਮਿਲ ਗਿਆ ਹੈ। ਅਸੀਂ ਹਰੇਕ ਕੰਮ ਨੂੰ ਸੰਵਿਧਾਨਕ ਦਾਇਰੇ ’ਚ ਰਹਿ ਕੇ ਆਪਣੀ ਸੁਚੱਜੀ ਜ਼ਿੰਦਗੀ ਬਸਰ ਕਰ ਸਕਦੇ ਹਾਂ ਤੇ ਹੁਣ ਅਸੀਂ ਪੂਰਨ ਤੌਰ ’ਤੇ ਆਜ਼ਾਦ ਹਾਂ।’...ਤਕਰੀਰ ਜਾਰੀ ਸੀ, ਪਰ ਇਕੱਠ ਵਿੱਚ ਕੁੱਝ ਘੁਸਰ-ਮੁਸਰ ਜਿਹੀ ਹੋਣ ਲੱਗ ਪਈ। ਇੱਕ ਵਿਦਿਆਰਥੀ ਬੜਾ ਉਤਾਵਲਾ ਹੋਇਆ ਖੜਾ ਹੋਇਆ ਤੇ ਬੋਲਿਆ, ‘ਸਰ, ਪੜ੍ਹਨ ਦੀ ਉਮਰੇ ਜਿਹੜੇ ਬੱਚੇ ਪੇਟ ਦੀ ਖਾਤਰ ਢਾਬਿਆਂ ’ਤੇ ਜੂਠੇ ਬਰਤਨ ਸਾਫ ਕਰਦੇ ਹਨ ਤੇ ਗਲੀਆਂ ਵਿੱਚੋਂ ਖਾਲੀ ਲਿਫ਼ਾਫ਼ੇ ਤੇ ਹੋਰ ਨਿੱਕ-ਸੁੱਕ ਇਕੱਠਾ ਕਰਕੇ ਪੇਟ ਦੀ ਪੂਰਤੀ ਕਰਦੇ ਹਨ, ਉਹਨਾਂ ਲਈ ਇਸ ਆਜ਼ਾਦੀ ਦਾ ਕੀ ਅਰਥ ਹੈ?’

ਸਮਾਗਮ ’ਚ ਹਾਜ਼ਰ ਇਕੱਠ ਦੇ ਮੂੰਹ ਪ੍ਰਸ਼ਨਚਿੰਨ੍ਹ ਵਰਗੇ ਬਣ ਗਏ। ਕਿਸੇ ਪਾਸ ਏਸ ਸਵਾਲ ਦਾ ਕੋਈ ਜਵਾਬ ਨਹੀਂ ਸੀ।

## ਵਿਸ਼ਵਾਸ

ਮੁਕੰਦਾ ਵੈਲੀ ਜੱਟ ਛੋਟੇ ਹੁੰਦਿਆਂ ਹੀ ਕਾਲੀ ਨਾਗਨੀ (ਅਫੀਮ) ਦੇ ਵੱਸ ਪੈ ਗਿਆ। ਇਹ ਚੇਟਕ ਉਸ ਨੂੰ ਆਪਣੇ ਦਾਦੇ ਤੋਂ ਲੱਗੀ ਸੀ। ਉਸ ਨੇ ਕਹਿਣਾ, ‘ਸ਼ੇਰਾ। ਭੋਰਾ ਕੁ ਲੈ ਕੇ ਦੇਖ, ਫੇਰ ਵੇਖੀਂ ਕਿਸ ਤਰ੍ਹਾਂ ਦਿਨੇ ਈ ਤਾਰੇ ਵਿਖਾਉਂਦੀ ਐ..।’ ਪਹਿਲਾਂ-ਪਹਿਲ ਸੱਚਮੁੱਚ ਹੀ ਉਸ ਨੇ ਖੁਦ ਹੀ ਦਿਨੇ ਚੜ੍ਹੇ ਤਾਰੇ ਵੇਖ ਲਏ ਸਨ। ਬਸ ਫੇਰ ਕੀ ਸੀ, ਥੋੜ੍ਹਾ-ਥੋੜ੍ਹਾ ਕਰਦਾ ਉਹ ਨਿੱਤ ਖਾਣ ਲੱਗ ਪਿਆ। ਮਹਿੰਗਾਈ ਦੇ ਜ਼ਮਾਨੇ ਵਿੱਚ ਕਾਲੇ ਮੂੰਹ ਵਾਲੀ ਕਿੱਥੇ ਪੈਰ ਲੱਗਣ ਦਿੰਦੀ ਹੈ। ਘਰ ਵਿੱਚ ਇਸ ਨਸ਼ੇ ਕਰਕੇ ਖਿੱਚ-ਧੂਹ ਹੋਣ ਲੱਗ ਪਈ।

ਮੁਕੰਦੇ ਦੀ ਮਾਂ ਨੇ ਉਸ ਨੂੰ ਅਫੀਮ ਵਿਚ ਥੋੜ੍ਹੀ ਜਿਹੀ ਕਾੜਨੀ ਦੀ ਕਾਲਖ ਦੇਣੀ ਸ਼ੁਰੂ ਕਰ ਦਿੱਤੀ। ਮੁਕੰਦਾ ਬੰਨ੍ਹਵੀਂ ਅਫੀਮ ਆਪਣੀ ਮਾਂ ਹੱਥੋਂ ਛਕਦਾ ਰਿਹਾ। ਉਸ ਦੀ ਮਾਂ ਨੇ ਥੋੜ੍ਹਾ-ਥੋੜ੍ਹਾ ਕਰਕੇ ਬਹੁਤੀ ਕਾੜਨੀ ਦੀ ਕਾਲਖ ਤੇ ਥੋੜ੍ਹੀ ਜਿਹੀ ਅਫੀਮ ਮਿਲਾ ਕੇ ਦੇਣੀ ਸ਼ੁਰੂ ਕਰ ਦਿੱਤੀ। ਉਹ ਖਾਂਦਾ ਰਿਹਾ, ਕਿਉਂ ਜੋ ਉਹ ਆਪਣੀ ਮਾਂ ਤੋਂ ਮਿਲਦੀ ਅਫੀਮ ਤੋਂ ਪੂਰਾ ਸੰਤੁਸ਼ਟ ਸੀ।

ਸਮਾਂ ਆਪਣੀ ਚਾਲੇ ਤੁਰਦਾ ਗਿਆ। ਬੁੱਢੀ ਮਾਂ ਨੂੰ ਮੁਕੰਦੇ ਦੀ ਏਸ ਫਜ਼ੂਲ ਖਰਚੀ ਤੋਂ ਕੁੱਝ ਰਾਹਤ ਮਿਲ ਗਈ। ਉਹ ਮੁਕੰਦੇ ਨੂੰ ਮੱਠੀ ਝਿੜਕ ਦਿੰਦੀ ਕਹਿੰਦੀ, ‘ਵੇ ਤੂੰ ਹੁਣ ਈ ਏਸ ਚੰਦਰੇ ਨਸ਼ੇ ਦੇ ਵੱਸ ਪੈ ਗਿਆਂ। ਕਿਸੇ ਨੇ ਤੈਨੂੰ ਰਿਸ਼ਤਾ ਨਹੀਂ ਕਰਨਾ..।’

ਇੱਕ ਦਿਨ ਮੁਕੰਦਾ ਖੇਤੋਂ ਭੱਜਿਆ ਆਇਆ ਤੇ ਆਪਣੀ ਮਾਂ ਤੋਂ ਅਫੀਮ ਮੰਗੀ। ਮਾਂ ਨੇ ਅੱਗੋਂ ਹੱਸਦਿਆਂ ਕਿਹਾ, ‘ਮੁਕੰਦਿਆ ਕਿਹੜੀ ਫੀਮ...।’ ਮੇਰੀ ...ਤਾਂ ਜਾਨ ਨਿਕਲਦੀ ਐ। ਇਹ ਪੁੱਛਦੀ ਐ ਕਿਹੜੀ ਫੀਮ...ਮੇਰੀ ਤਾਂ ਜਾਨ...।

ਪੁੱਤ, ਉਹ ਤਾਂ ਕਾੜਨੀ ਦੀ ਕਾਲਖ ਦਿੰਦੀ ਆ ਤੈਨੂੰ ਰੋਜ਼...। ਮਾਂ ਨੇ ਮੁਸਕਰਾਉਂਦਿਆਂ ਕਿਹਾ। ਕਾੜਨੀ ਦੀ ਕਾਲਖ.....। ਫੇਰ ਤਾਂ ਮੈਨੂੰ ਐਵੇਂ ਭੁਲੇਖਾ ਸੀ। ਲੈ ਮਾਂ ਇਹ ਤੇਰੀ ਕਾੜਨੀ ਵਾਲੀ ਕਾਲਖ ਵੀ ਛੱਡੀ.....। ਮੈਨੂੰ ਤਾਂ ਫੇਰ ਕੋਈ ਅਜਿਹਾ ਨਸ਼ਾ ਨਹੀਂ। ਮੈਂ ਤਾਂ ਚੰਗਾ-ਭਲਾ ਤੰਦਰੁਸਤ ਰਿਸ਼ਟ-ਪੁਸ਼ਟ ਹਾਂ..।

ਹੁਣ ਮੁਕੰਦੇ ਨੂੰ ਅਫੀਮ ਛੱਡੀ ਦਾ ਪੂਰਨ ਵਿਸ਼ਵਾਸ ਹੋ ਗਿਆ ਸੀ।

## ਸਵੈ-ਪੜਚੋਲ

ਪਲੱਸ ਟੂ ਸ਼੍ਰੇਣੀ ਦਾ ਨਤੀਜਾ ਆ ਚੁੱਕਿਆ ਸੀ। ਆਸ ਤੋਂ ਉਲਟ ਸਕੂਲ ਦਾ ਨਤੀਜਾ ਬਹੁਤ ਨੀਵਾਂ ਆਇਆ, ਜਿਸ ਕਾਰਨ ਸਕੂਲ ਦਾ ਪ੍ਰਿੰਸੀਪਲ ਬਹੁਤ ਨਿਰਾਸ਼ ਸੀ।

ਅੱਧੀ ਛੁੱਟੀ ਬਾਅਦ ਵਿਦਿਆਰਥੀਆਂ ਨੂੰ ਛੁੱਟੀ ਕਰਨ ਪਿੱਛੋਂ ਸਾਰੇ ਸਟਾਫ ਦੀ ਮੀਟਿੰਗ ਕੀਤੀ ਤਾਂ ਕਿ ਨਤੀਜਾ ਘੱਟ ਆਉਣ ਦੇ ਕਾਰਨਾਂ ’ਤੇ ਡੂੰਘਾ ਵਿਚਾਰ ਕੀਤਾ ਜਾ ਸਕੇ।

ਵਿਦਿਆਰਥੀ ਘਰੋ-ਘਰੀ ਪਰਤ ਗਏ ਮਨ ਵਿਚ ਇਕ ਪ੍ਰਸ਼ਨ ਲੈ ਕੇ ਕਿ ਸਾਡੇ ਸਕੂਲ ਦਾ ਨਤੀਜਾ ਤਾਂ ਬਹੁਤ ਭੈੜਾ ਆਇਆ ਹੈ, ਪਰ ਸਾਡੇ ਅਧਿਆਪਕਾਂ ਨੇ ਸਾਨੂੰ ਅੱਧੇ ਦਿਨ ਦੀ ਛੁੱਟੀ ਕਿਸ ਖੁਸ਼ੀ ਵਿੱਚ ਕੀਤੀ ਹੈ?

ਚਾਈਂ-ਚਾਈਂ ਛੋਟੀਆਂ ਜਮਾਤਾਂ ਦੇ ਬੱਚੇ ਘਰ ਚਲੇ ਗਏ ਤੇ ਉਹਨਾ ਆਪਣੀ ਬੁੱਧੀ ਅਨੁਸਾਰ ਸਮਝਿਆ ਕਿ ਸਾਡੇ ਸਕੂਲ ਦਾ ਨਤੀਜਾ ਘੱਟ ਆਉਣ ਦੀ ਖੁਸ਼ੀ ਵਿਚ ਸਾਨੂੰ ਅੱਧੀ-ਛੁੱਟੀ ਪੂਰੀ ਕਰ ਦਿੱਤੀ ਹੈ। ਮਾਪੇ ਸਾਰੇ ਹੈਰਾਨ ਸਨ ਕਿ ਇਹਨਾਂ ਅਧਿਆਪਕਾਂ ਨੂੰ ਕੀ ਹੋ ਗਿਆ ਹੈ। ਸਕੂਲ ਕਮੇਟੀ ਮੈਂਬਰ ਇਕੱਠੇ ਹੋ ਕੇ ਆਏ ਤੇ ਕਾਰਨ ਪੁੱਛਿਆ।

ਸਕੂਲ ਪ੍ਰਿੰਸੀਪਲ ਜੋ ਏਸ ਮਸਲੇ ਬਾਬਤ ਆਪਣੇ ਅਧਿਆਪਕ ਸਾਥੀਆਂ ਨਾਲ ਵਿਚਾਰ ਕਰ ਰਹੇ ਸਨ, ਨੇ ਕਮੇਟੀ ਮੈਂਬਰਾਂ ਨੂੰ ਦੱਸਿਆ ਕਿ ਵਿਦਿਆਰਥੀਆਂ ਨੂੰ ਛੁੱਟੀ ਨਤੀਜਾ ਘੱਟ ਆਉਣ ਦੀ ਖੁਸ਼ੀ ਵਿੱਚ ਨਹੀਂ ਬਲਕਿ ਨਤੀਜਾ ਘੱਟ ਆਉਣ ਦੇ ਕਾਰਨਾਂ ਨੂੰ ਜਾਨਣ ਲਈ ਅੱਧੀ-ਛੁੱਟੀ ਪੂਰੀ ਕੀਤੀ ਗਈ ਹੈ ਤਾਂ ਕਿ ਇਕਾਂਤ ਵਿੱਚ ਸਵੈ-ਪੜਚੋਲ ਕੀਤੀ ਜਾ ਸਕੇ। ਕਮੇਟੀ ਮੈਂਬਰ ਇੱਕ-ਦੂਜੇ ਦੇ ਮੂੰਹ ਵੱਲ ਵੇਖਦੇ ਰਹਿ ਗਏ।

*ਮੋਬਾ. 94646-97781*

# ਅਮਰੀਕੀ-ਇਜ਼ਰਾਇਲੀ ਹਾਕਮਾਂ ਦੀ ਧਾੜਵੀ ਤੇ ਯੁੱਧ ਅਪਰਾਧੀ ਖ਼ਸਲਤ ਦਾ ਮੁਜੱਸਮਾ



ਦੁਨੀਆ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਅਮਰੀਕਾ-ਇਜ਼ਰਾਇਲ ਜੰਗਬਾਜ਼ ਗੱਠਜੋੜ ਵੱਲੋਂ ਈਰਾਨ ਨਾਲ ਵਧਾਏ ਟਕਰਾਅ ਨੂੰ ਸੁਲਝਾਉਣ ਲਈ ਚੱਲਦੀ ਗੱਲਬਾਤ ਦਰਮਿਆਨ ਹੀ ਅੰਤਰਰਾਸ਼ਟਰੀ ਕਾਨੂੰਨਾਂ ਦੀਆਂ ਧੱਜੀਆਂ ਉਡਾ ਕੇ ਈਰਾਨ ਉੱਪਰ ਹਮਲਾ ਵਿੱਢ ਦਿੱਤਾ ਗਿਆ ਹੈ। ਈਰਾਨ ਦੇ 31 ਵਿੱਚੋਂ 24 ਸੂਬਿਆਂ ਅੰਦਰ ਬੱਚੀਆਂ ਦੇ ਸਕੂਲ, ਦੋ ਹਸਪਤਾਲਾਂ ਅਤੇ ਬੱਚਿਆਂ ਦੇ ਖੇਡ ਦੇ ਮੈਦਾਨ ਸਮੇਤ ਜਨਤਕ ਥਾਵਾਂ ਉੱਪਰ ਕੀਤੇ ਅੰਨ੍ਹੇਵਾਹ ਦੁਸ਼ਟ ਹਮਲਿਆਂ ਵਿਚ 148 ਸਕੂਲੀ ਬੱਚੀਆਂ ਸਮੇਤ 555 ਨਾਗਰਿਕਾਂ ਨੂੰ ਕਤਲ ਕੀਤਾ ਗਿਆ ਹੈ। ਦੁਨੀਆ ’ਚ ਚੱਲ ਰਹੇ ਯੁੱਧਾਂ ਨੂੰ ਖ਼ਤਮ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਏ ਫਾਸ਼ਿਸ਼ਟ ਟਰੰਪ ਨੇ ਦਾਅਵਾ ਕੀਤਾ ਹੈ ਕਿ ਨਿਜ਼ਾਮ ਬਦਲਣ ਲਈ ਇਹ ਹਮਲਾ ‘ਈਰਾਨੀ ਲੋਕਾਂ ਦੀ ਮੁਕਤੀ ਲਈ’ ਅਤੇ ਅਮਰੀਕਾ ਵਿਰੁੱਧ ਈਰਾਨ ਦੇ ਕਥਿਤ ਹਮਲੇ ਦਾ ਖਾਤਮਾ ਕਰਨ ਲਈ ਕੀਤਾ ਗਿਆ ਹੈ। ਅਸਲ ਵਿਚ ਜੰਗਬਾਜ਼ ਤਾਂ ਖੁਦ ਅਮਰੀਕਾ ਅਤੇ ਇਸ ਦਾ ਪਿੱਠੂ ਇਜ਼ਰਾਇਲ ਹੈ। ਹਮਲੇ ਦਾ ਅਸਲ ਮਨੋਰਥ ਈਰਾਨ ਦੀ ਅਮਰੀਕੀ ਸਾਮਰਾਜੀ ਸਟੇਟ ਤੋਂ ਆਕੀ ਹਕੂਮਤ ਨੂੰ ਖ਼ਤਮ ਕਰਨਾ, ਉੱਥੇ ਅਮਰੀਕਾ ਦੀ ਕਠਪੁਤਲੀ ਹਕੂਮਤ ਥੋਪਣਾ, ਈਰਾਨ ਦੇ ਕੁਦਰਤੀ ਵਸੀਲਿਆਂ ਉੱਪਰ ਕਬਜ਼ਾ ਕਰਨਾ ਅਤੇ ਆਖਿਰਕਾਰ ਪੂਰੇ ਮੱਧ-ਪੂਰਬ ਉੱਪਰ ਅਮਰੀਕੀ ਸਾਮਰਾਜੀ ਦਾਬਾ ਸਥਾਪਤ ਕਰਨਾ ਹੈ, ਜੋ 1979 ਦੇ ‘ਇਸਲਾਮਿਕ ਇਨਕਲਾਬ’ ਦੇ ਸਮੇਂ ਤੋਂ ਹੀ ਮੱਧ-ਪੂਰਬ ਵਿਚ ਅਮਰੀਕੀ ਧੌਂਸ ਲਈ ਵੱਡੀ ਚੁਣੌਤੀ ਬਣਿਆ ਹੋਇਆ ਹੈ। ਦੁਨੀਆ ਭਰ ਦੀਆਂ ਘੋਰ ਪਿਛਾਖੜੀ ਹਕੂਮਤਾਂ ਦੀ ਸਰਪ੍ਰਸਤੀ ਕਰਨ ਵਾਲੇ ਅਮਰੀਕੀ ਸਾਮਰਾਜੀਆਂ ਨੇ ਉਸ ਮੁਲਕ ਨੂੰ ਨਿਸ਼ਾਨਾ ਬਣਾਇਆ ਹੈ, ਜੋ ਧਾਰਮਿਕ ਕੱਟੜਪੰਥੀ ਸ਼ੀਆ ਧਰਮਤੰਤਰੀ ਜਾਬਰ ਰਾਜ ਹੋਣ ਅਤੇ ਦਹਾਕਿਆਂ ਤੋਂ ਸਖ਼ਤ ਅਮਰੀਕੀ ਪਾਬੰਦੀਆਂ ਕਾਰਨ ਡੂੰਘੇ ਆਰਥਿਕ ਸੰਕਟ ਨਾਲ ਜੂਝ ਰਿਹਾ ਹੋਣ ਦੇ ਬਾਵਜੂਦ ਕਈ ਪੱਖਾਂ ਤੋਂ ਬਿਹਤਰ ਹੈ। ਉੱਥੇ ਔਰਤਾਂ ਦੀ ਉੱਭਰਵੀਂ ਸਮਾਜਿਕ ਭੂਮਿਕਾ ਹੈ ਅਤੇ ਉਨ੍ਹਾਂ ਦੀ ਸਾਖ਼ਰਤਾ ਦਰ 97 ਫੀਸਦੀ ਹੈ। ਈਰਾਨ ਦੀ ਕੱਟੜ ਸ਼ੀਆ ਹਕੂਮਤ ਦੀਆਂ ਨੀਤੀਆਂ ਅਤੇ ਕਾਰਗੁਜ਼ਾਰੀ ਨੂੰ ਲੈ ਕੇ ਅਨੇਕਾਂ ਸਵਾਲ ਹੋ ਸਕਦੇ ਹਨ, ਪਰ ਇਸ ਦੇ ਬਹਾਨੇ ਅਮਰੀਕੀ ਸਾਮਰਾਜੀਏ ਈਰਾਨ ਜਾਂ ਕਿਸੇ ਵੀ ਮੁਲਕ ਦੀ ਪ੍ਰਭੂਸੱਤਾ ਵਿਰੁੱਧ ਆਪਣੇ ਦੁਸ਼ਟ ਮਨਸੂਬਿਆਂ ਬਾਰੇ ਦੁਨੀਆ ਨੂੰ ਗੁੰਮਰਾਹ ਨਹੀਂ ਕਰ ਸਕਦੇ। ਇਸ ਮਹਾਂ-ਝੂਠ ਨੂੰ ਕੌਣ ਮੰਨ ਲਵੇਗਾ ਕਿ ਫਾਸ਼ਿਸਟ ਸਾਮਰਾਜੀ ਗੈਂਗਸਟਰ ਟਰੰਪ ਹਕੂਮਤ ਅਤੇ ਮੱਧ ਪੂਰਬ ਵਿਚ ਅਮਰੀਕਾ ਦੀ ਫ਼ੌਜੀ ਚੌਕੀ ਜ਼ਿਓਨਵਾਦੀ ਇਜ਼ਰਾਇਲ ਕਿਸੇ ਮੁਲਕ ਦੇ ਲੋਕਾਂ ਦੇ ਮੁਕਤੀ ਦਾਤੇ ਹਨ। ਇਜ਼ਰਾਇਲ ਤਾਂ ਖੁਦ ਹੀ ਪੱਛਮੀ ਸਾਮਰਾਜੀਆਂ ਦੀ ਸਾਜ਼ਿਸ਼ ਅਤੇ ਪੁਸ਼ਤਪਨਾਹੀ ਨਾਲ ਫ਼ਲਸਤੀਨ ਦੀ ਸਰਜ਼ਮੀਨ ਉੱਪਰ ਪੂਰੀ ਤਰ੍ਹਾਂ ਨਜਾਇਜ਼ ਤੌਰ ’ਤੇ ਧੱਕੇ ਨਾਲ ਬਣਾਇਆ ਹੋਇਆ ਸਟੇਟ ਹੈ। ਦੁਨੀਆ ਵਿਚ ਟਰੰਪ ਦੀ ਅਗਵਾਈ ਹੇਠ ਅਮਰੀਕੀ ਸਾਮਰਾਜੀ ਸਟੇਟ ਦੇ ਖ਼ੂਨੀ ਮਨਸੂਬਿਆਂ ਨੂੰ ਠੱਲ੍ਹ ਪਾਉਣ ਦੇ ਸਮਰੱਥ ਮਜ਼ਬੂਤ ਲੋਕ ਤਾਕਤ ਨਾ ਹੋਣ ਕਾਰਨ ਹੀ ਅਮਰੀਕੀ-ਇਜ਼ਰਾਇਲੀ ਹੁਕਮਰਾਨ ਫ਼ਲਸਤੀਨ, ਈਰਾਨ ਸਮੇਤ ਹਰ ਮਾਮਲੇ ਵਿਚ ਮਹਾਂ-ਝੂਠ ਫੈਲਾਉਣ ਵਿਚ ਕਾਮਯਾਬ ਹੋ ਰਹੇ ਹਨ ਅਤੇ ਸਾਮਰਾਜੀ ਦੈਂਤ ਇਰਾਕ, ਫ਼ਲਸਤੀਨ, ਵੈਨਜ਼ੁਏਲਾ ਨੂੰ ਦਰੜਦਾ ਹੋਇਆ ਅਤੇ ਕਿਊਬਾ ਨੂੰ ਧਮਕੀਆਂ ਦਿੰਦਾ ਹੋਇਆ ਪੂਰੀ ਦੁਨੀਆ ਉੱਪਰ ਆਪਣੀ ਧੌਂਸ ਥੋਪਣ ਲਈ ਆਦਮ ਬੋ-ਆਦਮ ਬੋ ਕਰਦਾ ਫਿਰਦਾ ਹੈ। ਈਰਾਨ ਦਾ ਨਿਜ਼ਾਮ ਫਲਸਤੀਨ ਦੀ ਗਹਿ-ਗੱਡਵੀਂ ਹਮਾਇਤ ਕਰਨ ਕਰਕੇ ਅਤੇ ਅਮਰੀਕੀ ਸਾਮਰਾਜ ਵਿਰੋਧੀ ਮਜ਼ਬੂਤ ਹਥਿਆਰਬੰਦ ਟਾਕਰਾ ਸ਼ਕਤੀਆਂ, ਜਿਵੇਂ ਹਿਜ਼ਬੁੱਲਾ, ਹਮਾਸ ਅਤੇ ਯਮਨ ਦੇ ਹਾਊਤੀ ਬਾਗ਼ੀ ਆਦਿ, ਦੀ ਪਿੱਠ ’ਤੇ ਖੜ੍ਹਾ ਹੋਣ ਕਾਰਨ ਵੀ ਅਮਰੀਕੀ-ਇਜ਼ਰਾਇਲੀ ਘੋਰ ਪਿਛਾਖੜੀ ਗੱਠਜੋੜ ਨੂੰ ਬਹੁਤ ਚੁੱਭਦਾ ਸੀ। ਭਾਵੇਂ ਈਰਾਨ ਨੇ ਆਪਣੇ ਅਮਰੀਕੀ ਸਾਮਰਾਜ-ਵਿਰੋਧੀ ਅਡੋਲ ਸਟੈਂਡ ਅਨੁਸਾਰ ਇਸ ਹਮਲੇ ਅੱਗੇ ਝੁਕਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਮੋੜਵੇਂ ਹਮਲੇ ਸ਼ੁਰੂ ਕਰਕੇ ਆਪਣੀ ਦ੍ਰਿੜਤਾ ਦਾ ਸੰਕੇਤ ਦੇ ਦਿੱਤਾ ਹੈ, ਪਰ ਇਸ ਦਰਮਿਆਨ ਈਰਾਨ ਦੇ ਪ੍ਰਮੁੱਖ ਆਗੂ ਆਇਤਉੱਲਾ ਅਲੀ ਖ਼ਾਮੇਨੇਈ ਅਤੇ ਕਈ ਹੋਰ ਚੋਟੀ ਦੇ ਫੌਜੀ ਅਧਿਕਾਰੀਆਂ ਦੇ ਅਮਰੀਕੀ-ਇਜ਼ਰਾਇਲੀ ਹਮਲੇ ਵਿਚ ਮਾਰੇ ਜਾਣ ਦੀ ਬੇਹੱਦ ਦੁਖਦਾਈ ਖ਼ਬਰ ਨਿਰਸੰਦੇਹ ਈਰਾਨੀ ਲੋਕਾਂ ਦੇ ਸਾਮਰਾਜਵਾਦ ਵਿਰੋਧੀ ਸੰਘਰਸ਼ ਲਈ ਵੱਡੀ ਸੱਟ ਹੈ। ਈਰਾਨ ਨੇ ਆਪਣੇ ਪ੍ਰਮੁੱਖ ਆਗੂ ਦੇ ਸੋਗ ਤੇ ਸਨਮਾਨ ਵਿਚ 40 ਦਿਨ ਮਾਤਮ ਮਨਾਉਣ ਦਾ ਐਲਾਨ ਕੀਤਾ ਹੈ ਅਤੇ ਆਪਣੀ ਸ਼ਹਾਦਤ ਨਾਲ ਖ਼ਾਮੇਨੇਈ ਦੁਨੀਆ ਭਰ ਦੇ ਸ਼ੀਆ ਮੁਸਲਮਾਨਾਂ ਵਿਚ ਸ਼ਹਾਦਤ ਦਾ ਉੱਚਤਮ ਪ੍ਰਤੀਕ ਬਣ ਕੇ ਸਥਾਪਤ ਹੋ ਗਿਆ ਹੈ। ਰਮਜ਼ਾਨ ਦੇ ਪਵਿੱਤਰ ਮਹੀਨੇ ਅਮਰੀਕੀ-ਇਜ਼ਰਾਇਲੀ ਹਾਕਮਾਂ ਦੀ ਇਹ ਅਤਿਅੰਤ ਬੁਜ਼ਦਿਲ ਕਾਰਵਾਈ ਦੁਨੀਆ ਭਰ ਦੇ ਸ਼ੀਆ ਮੁਸਲਮਾਨ ਫਿਰਕੇ ਵਿਚ ਅਮਰੀਕੀ-ਇਜ਼ਰਾਇਲੀ ਦੁਸ਼ਟ ਗੱਠਜੋੜ ਵਿਰੁੱਧ ਨਫ਼ਰਤ, ਰੋਹ ਤੇ ਇਕਜੁੱਟਤਾ ਵਿਚ ਇਜ਼ਾਫਾ ਹੀ ਕਰੇਗੀ। ਉਨ੍ਹਾਂ ਦੀਆਂ ਭਾਵਨਾਵਾਂ ਪੱਛਮੀ ਏਸ਼ੀਆ, ਕਸ਼ਮੀਰ ਅਤੇ ਭਾਰਤ ਦੇ ਵੱਖ-ਵੱਖ ਰਾਜਾਂ ਸਮੇਤ ਕੁਲ ਦੁਨੀਆ ਵਿਚ ਹੋ ਰਹੇ ਵੱਡੇ-ਵੱਡੇ ਸੋਗਮਈ ਇਕੱਠਾਂ ਅਤੇ ਈਰਾਨੀ ਲੋਕਾਂ ਨਾਲ ਇਕਮੁੱਠਤਾ ਵਿਚ ਦੇਖੀਆਂ ਜਾ ਸਕਦੀਆਂ ਹਨ। ਦਹਾਕਿਆਂ ਤੋਂ ਸਖ਼ਤ ਅਮਰੀਕੀ ਪਾਬੰਦੀਆਂ ਦਾ ਬਹਾਦਰੀ ਅਤੇ ਸਿਰੜ ਨਾਲ ਮੁਕਾਬਲਾ ਕਰ ਰਿਹਾ ਈਰਾਨ ਆਪਣੇ ਅਤੇ ਮੱਧ ਪੂਰਬ ਦੇ ਹਿੱਤਾਂ ਲਈ ਮਿਸਾਲੀ ਦ੍ਰਿੜ੍ਹਤਾ ਨਾਲ ਡਟਿਆ ਰਿਹਾ ਹੈ। ਪਿਛਲੇ ਸਾਲ ਵੀ ਅਮਰੀਕਾ ਦੀ ਪਿੱਠੂ ਇਜ਼ਰਾਇਲੀ ਹਕੂਮਤ ਵੱਲੋਂ ਈਰਾਨ ਉੱਪਰ ਬੰਬਾਰੀ ਕਰਕੇ ਉਸ ਦੇ ਕਾਨੂੰਨੀ ਪ੍ਰਮਾਣੂ ਅੱਡਿਆਂ ਨੂੰ ਤਬਾਹ ਕਰਨ ਅਤੇ ਈਰਾਨੀ ਹਕੂਮਤ ਨੂੰ ਝੁਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ, ਜੋ ਨਾਕਾਮ ਰਹੀ ਸੀ। ਪਿਛਲੇ ਦਿਨੀਂ ਅਮਰੀਕਾ ਵੱਲੋਂ ਈਰਾਨ ਦੀ ਹਕੂਮਤ ਨੂੰ ਇਸ ਮਨਸੂਬੇ ਤਹਿਤ ਗੱਲਬਾਤ ਵਿਚ ਉਲਝਾਅ ਕੇ ਈਰਾਨ ਉੱਪਰ ਆਪਣੀਆਂ ਸ਼ਰਤਾਂ ਥੋਪਣ ਲਈ ਦਬਾਅ ਪਾਇਆ ਗਿਆ ਕਿ ਉਹ ਹਮਲੇ ਤੋਂ ਡਰ ਕੇ ਅਮਰੀਕੀ ਸ਼ਰਤਾਂ ਅੱਗੇ ਆਤਮ-ਸਮਰਪਣ ਕਰ ਦੇਣਗੇ, ਜਿਸ ਵਿਚ ਸਫ਼ਲਤਾ ਨਾ ਮਿਲਦੀ ਦੇਖ ਕੇ ਇਸ ਗੱਠਜੋੜ ਵੱਲੋਂ ਮੌਜੂਦਾ ਕਾਇਰਾਨਾ ਹਮਲਾ ਵਿੱਢ ਦਿੱਤਾ ਗਿਆ। ਇਹ ਵੀ ਸਪੱਸ਼ਟ ਹੈ ਕਿ ਅਮਰੀਕਾ ਦੇ ਅੰਦਰ ਫਾਸ਼ਿਸ਼ਟ ਟਰੰਪ ਜੁੰਡਲੀ ਇਸ ਨਜਾਇਜ਼ ਹਮਲੇ ਨੂੰ ਨਿਆਂਪਸੰਦ ਲੋਕਾਂ ਦੀ ਆਵਾਜ਼ ਨੂੰ ਦਬਾਉਣ ਲਈ ਵਹਿਸ਼ੀ ਜਬਰ ਤੇਜ਼ ਕਰਨ ਅਤੇ ਹੋਰ ਵੀ ਵਧੇਰੇ ਤਾਨਾਸ਼ਾਹ ਤਾਕਤਾਂ ਹਥਿਆਉਣ ਲਈ ਵਰਤੇਗੀ। ਇਸ ਹਮਲੇ ਦੌਰਾਨ ਭਾਰਤ ਦੀ ਭਗਵਾਂ ਹਕੂਮਤ ਵਰਗੇ ਅਮਰੀਕਨ ਸਾਮਰਾਜ ਦੇ ਪਿੱਠੂ ਇਸਲਾਮ ਪ੍ਰਤੀ ਆਪਣੀ ਘੋਰ ਫਿਰਕੂ, ਨਸਲਵਾਦੀ ਨਫ਼ਰਤ ਕਾਰਨ ਕਿਸੇ ਮੁਲਕ ਦੀ ਪ੍ਰਭੂਸੱਤਾ ਦੀ ਉਲੰਘਣਾ ਕਰਨ ਅਤੇ ਮੁਲਕ ਦੇ ਪ੍ਰਮੁੱਖ ਆਗੂ ਤੇ ਹੋਰ ਸਰਕਾਰੀ ਅਧਿਕਾਰੀਆਂ ਨੂੰ ਕਤਲ ਕਰ ਦੇਣ ਦੇ ਅਤਿਅੰਤ ਘਿਣਾਉਣੇ ਮਾਨਵਤਾ ਵਿਰੋਧੀ ਕਾਰੇ ਬਾਰੇ ਚੁੱਪ ਰਹਿਕੇ ਆਪਣੀ ਸਾਮਰਾਜ ਭਗਤੀ ਦਾ ਸਬੂਤ ਦੇ ਰਹੇ ਹਨ। ਜਦੋਂ ਹਿਟਲਰ ਯਹੂਦੀਆਂ ਦੀ ਨਸਲਕੁਸ਼ੀ ਕਰ ਰਿਹਾ ਸੀ ਤਾਂ ਉਹ ਆਰ ਐੱਸ ਐੱਸ ਦੇ ਆਗੂਆਂ ਦਾ ਆਦਰਸ਼ ਸੀ। ਹੁਣ ਜਦੋਂ ਅਮਰੀਕੀ-ਇਜ਼ਰਾਈਲੀ ਜੰਗਬਾਜ਼ ਫ਼ਲਸਤੀਨੀਆਂ ਅਤੇ ਈਰਾਨੀਆਂ ਦਾ ਕਤਲੇਆਮ ਕਰ ਰਹੇ ਹਨ ਤਾਂ ਭਾਰਤ ਦੀ ਭਗਵਾਂ ਹਕੂਮਤ ਆਪਣੀ ਲੋਕ ਦੁਸ਼ਮਣ ਖ਼ਸਲਤ ਅਨੁਸਾਰ ਨਸਲਵਾਦੀ-ਜ਼ਿਓਨਵਾਦੀ ਜੰਗਬਾਜ਼ਾਂ ਦੀ ਬੇਸ਼ਰਮੀ ਨਾਲ ਚਾਕਰੀ ਕਰਦੀ ਦੇਖੀ ਜਾ ਸਕਦੀ ਹੈ। ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਨੇ ਯੁੱਧ ਅਪਰਾਧੀ ਅਮਰੀਕਾ ਅਤੇ ਜ਼ਿਓਨਵਾਦੀ ਦਹਿਸ਼ਤਗਰਦ ਇਜ਼ਰਾਇਲ ਨੂੰ ਵੱਖਰੀ ਤਰ੍ਹਾਂ ਦੀ ਅਤੇ ਸਖ਼ਤ ਕਾਰਵਾਈ ਨਾਲ ਸਬਕ ਸਿਖਾਉਣ ਦਾ ਹਲਫ਼ ਲਿਆ ਹੈ। ਟਰੰਪ ਨੇ ਇਸ ਦੇ ਪ੍ਰਤੀਕਰਮ ’ਚ ਈਰਾਨ ਵਿਰੁੱਧ ਹੋਰ ਵੀ ਕਰੂਰ ਤਾਕਤ ਵਰਤਣ ਦੀ ਧਮਕੀ ਦਿੱਤੀ ਹੈ। ਆਪਣੀ ਧੜਵੈਲ ਫੌਜੀ ਤਾਕਤ ਨਾਲ ਅੰਨ੍ਹੇ ਹੋਏ ਟਰੰਪ ਨੂੰ ਉਮੀਦ ਸੀ ਕਿ ਈਰਾਨ ਵਿਰੁੱਧ ਯੁੱਧ ਛੇਤੀ ਹੀ ਜਿੱਤ ਲਿਆ ਜਾਵੇਗਾ। ਹੁਣ ਵੀ ਉਸ ਵੱਲੋਂ ਅਜਿਹੀਆਂ ਬੜ੍ਹਕਾਂ ਮਾਰੀਆਂ ਜਾ ਰਹੀਆਂ ਹਨ। ਮੱਧ ਪੂਰਬ ਵਿਚ ਅਮਰੀਕਾ ਦੇ ਮਜ਼ਬੂਤ ਫ਼ੌਜੀ ਅੱਡਿਆਂ ਦੇ ਜ਼ੋਰ ਟਰੰਪ ਜੁੰਡਲੀ ਨੇ ਭਰਮ ਪਾਲਿਆ ਹੋਵੇਗਾ ਕਿ ਪ੍ਰਮੁੱਖ ਈਰਾਨੀ ਲੀਡਰ ਤੇ ਫ਼ੌਜੀ ਅਧਿਕਾਰੀਆਂ ਦੇ ਕਤਲਾਂ ਨਾਲ ਇਸਲਾਮਿਕ ਰੈਵੋਲੂਸ਼ਨਰੀ ਗਾਰਡਜ਼ ਕੋਰ ਦੇ ਕਮਾਂਡਰਾਂ ਦਾ ਇਕ ਹਿੱਸਾ ਭੈਅਭੀਤ ਹੋ ਕੇ ਉਨ੍ਹਾਂ ਦੀ ਸ਼ਰਨ ਵਿਚ ਆ ਜਾਵੇਗਾ। ਵਿਸਾਹਘਾਤੀ ਟਰੰਪ-ਨੇਤਨਯਾਹੂ ਜੁੰਡਲੀ ਨੂੰ ਈਰਾਨ ਵੱਲੋਂ ਮੋੜਵੇਂ ਸਖ਼ਤ ਪ੍ਰਤੀਕਰਮ ਦੀ ਉਮੀਦ ਨਹੀਂ ਸੀ, ਪਰ ਈਰਾਨੀ ਹਕੂਮਤ ਨੂੰ ਵੀ ਦਹਾਕਿਆਂ ਤੋਂ ਅਮਰੀਕੀ ਹਮਲਾ ਹੋਣ ਦਾ ਖ਼ਦਸ਼ਾ ਸੀ ਅਤੇ ਉਨ੍ਹਾਂ ਨੇ ਵੀ ਲੰਮੀ ਲੜਾਈ ਦੀ ਤਿਆਰੀ ਕੀਤੀ ਹੋਈ ਹੈ। ਇਰਾਨੀ ਫ਼ੌਜ ਦੇ ਸਖ਼ਤ ਪ੍ਰਤੀਕਰਮ ਨਾਲ ਟਕਰਾਅ ਬਾਕਾਇਦਾ ਯੁੱਧ ਦੀ ਦਿਸ਼ਾ ’ਚ ਵਧਣਾ ਸ਼ੁਰੂ ਹੋ ਗਿਆ ਹੈ। ਕੱਚੇ ਤੇਲ ਦੀ ਸਪਲਾਈ ਦਾ ਵੱਡਾ ਸੰਕਟ ਸ਼ੁਰੂ ਹੋ ਗਿਆ ਹੈ। ਇਹ ਯੁੱਧ ਲੰਮਾ ਚੱਲਣ ਵਾਲਾ ਅਤੇ ਪੂਰੇ ਮੱਧ ਪੂਰਬ ਸਮੇਤ ਦੁਨੀਆ ਦੇ ਹਾਲਾਤ ਉੱਪਰ ਡੂੰਘਾ ਅਸਰ ਪਾਉਣ ਵਾਲਾ ਹੈ। ਈਰਾਨ ਦੇ ਰੋਹ ਦਾ ਇਜ਼ਹਾਰ ਅਮਰੀਕੀ-ਇਜ਼ਰਾਇਲ ਗੱਠਜੋੜ ਅਤੇ ਇਨ੍ਹਾਂ ਦੇ ਪਿੱਠੂ ਅਰਬ ਮੁਲਕਾਂ ਵਿਚ ਅਮਰੀਕੀ ਅੱਡਿਆਂ ਨੂੰ ਨਿਸ਼ਾਨਾ ਬਣਾਉਣ ਦੇ ਰੂਪ ’ਚ ਸਾਹਮਣੇ ਆਉਣਾ ਸ਼ੁਰੂ ਹੋ ਗਿਆ ਹੈ। ਕੁਝ ਘੰਟਿਆਂ ’ਚ ਹੀ ਈਰਾਨ ਵੱਲੋਂ ਅਮਰੀਕਾ ਦੇ ਤਿੰਨ ਵਿਸ਼ੇਸ਼ ਫ਼ੌਜੀ ਜਹਾਜ਼ਾਂ ਨੂੰ ਫੁੰਡ ਲੈਣ ਦੀ ਖ਼ਬਰ ਹੈ। ਇਜ਼ਰਾਇਲ ਦੇ ਗ਼ੈਰਕਾਨੂੰਨੀ ਪ੍ਰਮਾਣੂ ਹਥਿਆਰਾਂ ਦੇ ਭੰਡਾਰਾਂ ਉੱਪਰ ਈਰਾਨ ਦੇ ਸੰਭਾਵੀ ਹਮਲਿਆਂ ਨਾਲ ਪੈਦਾ ਹੋਣ ਵਾਲੀ ਰੇਡੀਏਸ਼ਨ ਦੇ ਭਿਆਨਕ ਖ਼ਤਰੇ ਬਾਰੇ ਇੰਟਰਨੈਸ਼ਨਲ ਪ੍ਰਮਾਣੂ ਊਰਜਾ ਏਜੰਸੀ ਦੇ ਅਮਰੀਕੀ ਸਾਮਰਾਜ ਦੇ ਚਾਪਲੂਸ ਅਧਿਕਾਰੀ ਬਹੁਤ ਚਿੰਤਾ ’ਚ ਹਨ। ਇਹ ਡਰ ਵੀ ਅਮਰੀਕਾ-ਇਜ਼ਰਾਇਲ ਅਤੇ ਉਨ੍ਹਾਂ ਦੇ ਖਾੜੀ ਜੋਟੀਦਾਰਾਂ ਨੂੰ ਬੇਚੈਨ ਕਰ ਰਿਹਾ ਹੈ। ਸ਼ੇਅਰ ਬਜ਼ਾਰ ਲੁੜਕ ਗਿਆ ਹੈ। ਵੱਡੇ ਆਰਥਿਕ ਸੰਕਟ ਦਾ ਖਤਰਾ ਮੰਡਰਾਅ ਰਿਹਾ ਹੈ। ਈਰਾਨ ਦੇ ਮੋੜਵੇਂ ਫੌਜੀ ਪ੍ਰਤੀਕਰਮ ਨਾਲ ਹੋ ਰਹੇ ਆਪਣੇ ਨੁਕਸਾਨ ਨੂੰ ਲੁਕੋਣ ਲਈ ਟਰੰਪ-ਨੇਤਨਯਾਹੂ ਜੁੰਡਲੀ ਤਰ੍ਹਾਂ-ਤਰ੍ਹਾਂ ਦੇ ਮਹਾਂ-ਝੂਠ ਫੈਲਾ ਕੇ ਆਪਣੀ ਅਜਿੱਤ ਤਾਕਤ ਦਾ ਭਰਮ ਬਣਾਈ ਰੱਖਣ ’ਚ ਜੁਟੀ ਹੋਈ ਹੈ। ਉਨ੍ਹਾਂ ਕੋਲ ਮਹਾਂ-ਝੂਠ ਨੂੰ ਫੈਲਾਉਣ ਲਈ ਦੁਨੀਆ ਭਰ ਦਾ ਕਾਰਪੋਰੇਟ ਮਾਲਕੀ ਵਾਲਾ ਧੜਵੈਲ ਗੋਦੀ ਮੀਡੀਆ ਹੈ। ਇਸ ਮੀਡੀਆ ਵੱਲੋਂ ਈਰਾਨ ਵੱਲੋਂ ਮੋੜਵੇਂ ਟਾਕਰੇ ਦੀਆਂ ਖ਼ਬਰਾਂ ਅਤੇ ਜੰਗਬਾਜ਼ ਅਮਰੀਕਾ-ਇਜ਼ਰਾਇਲ ਦੀ ਮੁਜਰਮਾਨਾ ਭੂਮਿਕਾ ਨੂੰ ਦਬਾਉਣਾ ਬਿਲਕੁਲ ਸੁਭਾਵਿਕ ਹੈ, ਪਰ ਟਰੰਪ ਦੀ ਬੌਖਲਾਹਟ ਅਤੇ ਉਸ ਵੱਲੋਂ ਯੁੱਧਬੰਦੀ ਦੇ ਸੰਕੇਤ ਉਸ ਦੇ ਅੰਦਰ ਵਧ ਰਹੀ ਮਾਯੂਸੀ ਵੱਲ ਇਸ਼ਾਰਾ ਕਰਦੇ ਹਨ। ਹਾਲਾਂਕਿ ਈਰਾਨ ਨੇ ਸਪੱਸ਼ਟ ਕਿਹਾ ਹੈ ਕਿ ਉਹ ਆਪਣੇ ਗੁਆਂਢੀ ਮੁਲਕਾਂ ਨੂੰ ਨਹੀਂ, ਸਿਰਫ਼ ਉੱਥੇ ਮੌਜੂਦ ਅਮਰੀਕੀ ਅੱਡਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ, ਪਰ ਅਮਰੀਕੀ ਸਾਮਰਾਜ ਦੇ ਫੌਜੀ ਅੱਡੇ ਬਣੀਆਂ ਅਰਬ ਹਕੂਮਤਾਂ ਵਿਚ ਸਾਊਦੀ ਤੇਲ-ਸੋਧਕ ਕਾਰਖਾਨੇ ਅਤੇ ਮੱਧ ਪੂਰਬ ਦੇ ਹਵਾਈ ਅੱਡਿਆਂ ਉੱਪਰ ਈਰਾਨੀ ਹਮਲਿਆਂ ਨਾਲ ਖਲਬਲੀ ਮਚ ਗਈ ਹੈ। ਉਨ੍ਹਾਂ ਅੰਦਰੋਂ ਰੋਸ ਉੱਠਣਾ ਸ਼ੁਰੂ ਹੋ ਗਿਆ ਹੈ ਕਿ ਅਮਰੀਕਾ ਨੇ ਸਾਰੀ ਐਂਟੀ-ਮਿਜ਼ਾਇਲ ਤੇ ਲੜਾਕੂ ਹਵਾਈ ਤਾਕਤ ਆਪਣੇ ਪਿੱਠੂ ਇਜ਼ਰਾਇਲ ਨੂੰ ਬਚਾਉਣ ਲਈ ਲਗਾ ਰੱਖੀ ਹੈ ਅਤੇ ਬਾਕੀ ਮੱਧ ਪੂਰਬੀ ਮੁਲਕਾਂ ਨੂੰ ਈਰਾਨੀ ਮਿਜ਼ਾਇਲ ਹਮਲਿਆਂ ਅੱਗੇ ਅਸੁਰੱਖਿਅਤ ਹਾਲਤ ’ਚ ਸੁੱਟ ਦਿੱਤਾ ਗਿਆ ਹੈ। ਤੇਲ ਦੇ ਭਾਅ ਵਧਣ ਅਤੇ ਜੰਗੀ ਖਰਚਿਆਂ ਦੇ ਭਿਆਨਕ ਬੋਝ ਕਾਰਨ ਧਾੜਵੀ ਯੁੱਧ ਦਾ ਮੁੱਲ ਆਮ ਲੋਕਾਂ ਨੂੰ ਤਾਰਨਾ ਪੈਣਾ ਹੈ। ਅਮਰੀਕਾ ਦੇ ਅੰਦਰ ਵੱਡੀ ਗਿਣਤੀ ਲੋਕ ਯੁੱਧ ਦਾ ਵਿਰੋਧ ਕਰ ਰਹੇ ਹਨ। ਇੱਧਰ ਅਮਰੀਕੀ ਹਕੂਮਤ ਦੇ ਅੰਦਰ ਟਰੰਪ ਦੇ ਵੱਡੇ-ਵੱਡੇ ਦਾਅਵਿਆਂ ਬਾਰੇ ਸਵਾਲ ਉੱਠਣ ਦੀਆਂ ਅਹਿਮ ਰਿਪੋਰਟਾਂ ਵੀ ਬਾਹਰ ਆਉਣੀਆਂ ਸ਼ੁਰੂ ਹੋ ਗਈਆਂ ਹਨ, ਜੋ ਈਰਾਨ ਦੇ ਤਿੱਖੇ ਪ੍ਰਤੀਕਰਮ ਨਾਲ ਅਮਰੀਕੀ ਪ੍ਰਸ਼ਾਸਨ ’ਚ ਯੁੱਧ ਦੇ ਲਮਕਣ ਦੀ ਵਧ ਰਹੀ ਫ਼ਿਕਰਮੰਦੀ ਦੀਆਂ ਸੂਚਕ ਹਨ। ਵੀਅਤਨਾਮ ਅਤੇ ਅਫ਼ਗਾਨਿਸਤਾਨ ਵਿਚ ਹੋਈ ਨਮੋਸ਼ੀ ਦੀਆਂ ਯਾਦਾਂ ਨਾਲ ਉਨ੍ਹਾਂ ਦੀ ਨੀਂਦ ਹਰਾਮ ਹੋਣੀ ਸੁਭਾਵਿਕ ਹੈ। ਬੇਸ਼ੱਕ ਅਮਰੀਕੀ-ਇਜ਼ਰਾਇਲੀ ਗੱਠਜੋੜ ਆਪਣੀ ਹਥਿਆਰਬੰਦ ਤਾਕਤ ਦੇ ਜ਼ੋਰ ਈਰਾਨ ਨੂੰ ਵਕਤੀ ਤੌਰ ’ਤੇ ਹਰਾ ਵੀ ਦੇਵੇ, ਪਰ ਸ਼ਾਨਦਾਰ ਸਾਮਰਾਜਵਾਦ-ਵਿਰੋਧੀ ਰਵਾਇਤਾਂ ਵਾਲੇ 9 ਕਰੋੜ ਤੋਂ ਵੱਧ ਈਰਾਨੀ ਲੋਕ ਅਮਰੀਕੀ ਸਾਮਰਾਜਵਾਦ ਅੱਗੇ ਹਰਗਿਜ਼ ਨਹੀਂ ਝੁਕਣਗੇ ਅਤੇ ਆਪਣੀ ਪ੍ਰਭੂਸੱਤਾ ਤੇ ਆਜ਼ਾਦ ਹੈਸੀਅਤ ਦੀ ਰਾਖੀ ਲਈ ਜਾਨ-ਹੂਲਵਾਂ ਸੰਘਰਸ਼ ਜਾਰੀ ਰੱਖਣਗੇ। ਅਜਿਹੇ ਸੰਘਰਸ਼ ਜਿੱਤ ਨਾਲੋਂ ਦੁਸ਼ਟ ਸਾਮਰਾਜੀਆਂ ਵਿਰੁੱਧ ਡਟੇ ਰਹਿਣ ਦੇ ਪੱਖੋਂ ਵਧੇਰੇ ਮਹੱਤਵ ਰੱਖਦੇ ਹਨ, ਪਰ ਆਖਿਰਕਾਰ ਅਮਰੀਕੀ ਸਾਮਰਾਜੀਆਂ (ਅਤੇ ਉਨ੍ਹਾਂ ਦੇ ਜੋਟੀਦਾਰ ਇਜ਼ਰਾਇਲੀ ਸਟੇਟ) ਨੂੰ ਵੀਅਤਨਾਮ ਤੇ ਅਫ਼ਗਾਨਿਸਤਾਨ ਦੀ ਤਰ੍ਹਾਂ ਇੱਥੋਂ ਵੀ ਮੂੰਹ ਭੰਨਾ ਕੇ ਨਮੋਸ਼ੀ ਨਾਲ ਭੱਜਣਾ ਪਵੇਗਾ। ਦੁਨੀਆ ਭਰ ਦੀਆਂ ਸਾਮਰਾਜਵਾਦ ਵਿਰੋਧੀ ਤਾਕਤਾਂ ਇਸ ਧਾੜਵੀ ਹਮਲੇ ਵਿਰੁੱਧ ਜ਼ੋਰਦਾਰ ਆਵਾਜ਼ ਉਠਾ ਰਹੀਆਂ ਹਨ। ਰੂਸ ਅਤੇ ਚੀਨ ਨੇ ਵੀ ਹਮਲੇ ਦੀ ਨਿਖੇਧੀ ਕੀਤੀ ਹੈ।

ਅਮਰੀਕੀ-ਇਜ਼ਰਾਇਲੀ ਗੱਠਜੋੜ ਵਿਰੁੱਧ ਦੁਨੀਆ ਵਿਚ ਕਤਾਰਬੰਦੀ ਹੋਣੀ ਤੈਅ ਹੈ, ਜੋ ਅਮਰੀਕੀ-ਇਜ਼ਰਾਇਲੀ ਮਨਸੂਬਿਆਂ ਲਈ ਪ੍ਰੇਸ਼ਾਨੀ ਬਣੇਗੀ। ਈਰਾਨ ਦੀ ਪ੍ਰਭੂਸੱਤਾ ਉੱਪਰ ਘਿਣਾਉਣੇ ਨਸਲਪ੍ਰਸਤ ਸਾਮਰਾਜੀ ਹਮਲੇ ਅਤੇ ਈਰਾਨੀ ਆਗੂਆਂ ਦੇ ਬੁਜ਼ਦਿਲ ਤਰੀਕੇ ਨਾਲ ਕੀਤੇ ਕਤਲਾਂ ਦੀ ਸਖ਼ਤ ਨਿਖੇਧੀ ਕਰਨਾ ਅਤੇ ਈਰਾਨ ਦੇ ਸਾਮਰਾਜਵਾਦ ਵਿਰੋਧੀ ਲੋਕਾਂ ਨਾਲ ਇਕਮੁੱਠਤਾ ਪ੍ਰਗਟਾਉਣਾ ਦੁਨੀਆ ਭਰ ਦੇ ਇਨਸਾਫ਼ਪਸੰਦ ਲੋਕਾਂ ਦਾ ਫਰਜ਼ ਹੈ। ਜੇ ਇਸ ਧਾੜਵੀ ਹਮਲੇ ਵਿਰੁੱਧ ਮਜ਼ਬੂਤ ਲਹਿਰ ਨਹੀਂ ਉਸਾਰੀ ਜਾਂਦੀ ਤਾਂ ਭੂਤਰੇ ਹੋਏ ਅਮਰੀਕੀ-ਇਜ਼ਰਾਇਲੀ ਹੁਕਮਰਾਨ ਆਉਣ ਵਾਲੇ ਦਿਨਾਂ ਵਿਚ ਹੋਰ ਕਮਜ਼ੋਰ ਮੁਲਕਾਂ ਨੂੰ ਵੀ ਨਿਸ਼ਾਨਾ ਬਣਾਉਣਗੇ।

**— ਬੂਟਾ ਸਿੰਘ ਮਹਿਮੂਦਪੁਰ**

## ਸਫ਼ਾ 3 ਦੀ ਬਾਕੀ — ਦੇਸ਼ ਭਗਤੀ, ਪ੍ਰੇਮ ਭਾਵਨਾ ਤੇ ਕੁਰਬਾਨੀ ਦਾ ਪ੍ਰਵਚਨ...

ਪਾਕਿਸਤਾਨ ਦੀ ਪ੍ਰਿੰਸੀਪਲ ਤਾਹਿਰਾ ਕਾਜ਼ੀ, ਵਿਗਿਆਨਕ ਸੋਚ ਦੀ ਧਾਰਨੀ ਤੇ ਅੰਧ-ਵਿਸ਼ਵਾਸ਼ਾਂ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੀ ਅਫ਼ਗਾਨਿਸਤਾਨ ਦੀ ਸ਼ਹੀਦ ਫ਼ਰਖੰਦਾ ਮਲਿਕਜ਼ਾਦਾ, ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦਾ ਜਾਮ ਪੀਣ ਵਾਲੀ ਪਾਕਿਸਤਾਨੀ ਬੀਬੀ ਕਰੀਮਾ ਮਹਿਰਾਬ, ਅਗਾਂਹਵਧੂ ਸੋਚ ਦੀ ਧਾਰਨੀ ਪੱਤਰਕਾਰ ਗੌਰੀ ਲੰਕੇਸ਼, ਜਿਸ ਨੇ ਧਾਰਮਿਕ ਕੱਟੜਤਾ ਤੇ ਰੂੜ੍ਹੀਵਾਦੀ ਸੋਚ ਵਿਰੁੱਧ ਆਵਾਜ਼ ਉਠਾਈ, ਉਸ ਦੀ ਜ਼ਿੰਦਗੀ ਦੇ ਸਫ਼ਰ ਨੂੰ ਇਸ ਪੁਸਤਕ ਵਿੱਚ ਬਾਖੂਬੀ ਪੇਸ਼ ਕੀਤਾ ਗਿਆ ਹੈ।

ਇਹਨਾਂ ਬਹਾਦਰ ਸ਼ਹੀਦ ਔਰਤਾਂ ਤੋਂ ਇਲਾਵਾ ਅੱਠ ਪ੍ਰੇਰਨਾਸਰੋਤ ਬੀਬੀਆਂ ਦੇ ਜੀਵਨ ਨੂੰ ਵੀ ਇਸ ਪੁਸਤਕ ਦਾ ਸ਼ਿੰਗਾਰ ਬਣਾਇਆ ਗਿਆ ਹੈ। ਜਿਹਨਾਂ ਵਿੱਚ ਲੇਡੀ ਸਿੰਘਮ ਵਜੋਂ ਜਾਣੀ ਜਾਂਦੀ ਐਨ ਅੰਬਿਕਾ, ਗੋਹੇ ਲਿਬੜੇ ਹੱਥਾਂ ’ਚ ਇਨਸਾਫ ਦੀ ਕਲਮ ਫੜਣ ਵਾਲੀ ਸੋਨਮ ਸਰਮਾ, ਤੰਗੀਆਂ ਦੀ ਦਲਦਲ ’ਚੋਂ ਉੱਠਿਆ ਕਮਲ ਦਾ ਫੁੱਲ ਵਸੀਮਾ ਸ਼ੇਖ਼, ਕਿਸਾਨਾਂ ਲਈ ਪ੍ਰੇਰਨਾਸਰੋਤ ਕਿਸਾਨ ਔਰਤ ਸੰਤੋਸ਼ ਦੇਵੀ, ਅਪਾਹਜ ਲੋਕਾਂ ਨੂੰ ਹੌਸਲਾ ਦੇਣ ਵਾਲੀ ਮਾਲਵਿਕਾ ਅਈਅਰ, ਮਾਪਿਆਂ ਦੀ ਵਿਸਾਰੀ ਧੀ ਸੰਸਾਰ ਪ੍ਰਸਿੱਧ ਖਿਡਾਰੀ ਲਿਜਾ ਸਥਾਲੇਜਰ, ਮਿਸਾਲੀ ਵਿਦਿਆਰਥਣ ਤੇ ਅਧਿਆਪਕਾ ਪੂਜਾ ਕਟਾਰੀਆ ਅਤੇ ਪਾਕਿਸਤਾਨ ਦੀ ਪਹਿਲੀ ਹਿੰਦੂ ਅਧਿਕਾਰੀ ਸਨਾ ਰਾਮ ਚੰਦ ਦੇ ਜੀਵਨ ਅਤੇ ਪ੍ਰਾਪਤੀਆਂ ਨੂੰ ਖੂਬਸੂਰਤ ਢੰਗ ਨਾਲ ਪੇਸ਼ ਕੀਤਾ ਗਿਆ ਹੈ।

ਪੁਸਤਕ ਵਿਚਲੇ ਸਾਰੇ ਹੀ ਲੇਖ ਪਾਠਕਾਂ ਦੇ ਹਿਰਦਿਆਂ ਨੂੰ ਟੁੰਬਦੇ ਹਨ ਅਤੇ ਦੇਸ਼ ਭਗਤੀ, ਪ੍ਰੇਮ ਭਾਵਨਾ, ਹੌਸਲਾ, ਦਲੇਰੀ ਅਤੇ ਕੁਰਬਾਨੀ ਦਾ ਜਜ਼ਬਾ ਪੈਦਾ ਕਰਦੇ ਹਨ। ਇਸ ਪੁਸਤਕ ਵਿੱਚ ਵੱਡਾ ਇਤਿਹਾਸ ਸਮੋਇਆ ਹੋਇਆ ਹੈ। ਪੁਸਤਕ ਪੜ੍ਹਦਿਆਂ ਔਰਤਾਂ ਵੱਲੋਂ ਕੀਤੀਆਂ ਕੁਰਬਾਨੀਆਂ ਅੱਗੇ ਸਿਰ ਝੁਕ ਜਾਂਦਾ ਹੈ ਅਤੇ ਇਹ ਸੱਚ ਪ੍ਰਗਟ ਹੁੰਦਾ ਹੈ ਕਿ ਸਿਦਕ ਹਾਰਦਾ ਨਹੀਂ। ਹਰ ਨੌਜਵਾਨ ਲੜਕੇ-ਲੜਕੀ ਨੂੰ ਇਹ ਪੁਸਤਕ ਪੜ੍ਹ ਕੇ ਇਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਪੁਸਤਕ ਦਾ ਪੁਸ਼ਾਕਾ ਚਿੱਤਰ ਵੀ ਬਹੁਤ ਖਿੱਚ ਭਰਪੂਰ ਹੈ, ਜਿਸ ਨੂੰ ਜਗਦੀਪ ਬਾਵਾ ਪਟਿਆਲਾ ਨੇ ਤਿਆਰ ਕੀਤਾ ਹੈ।

**— ਮੋਬਾ: 97800-42156**

## ਸਫ਼ਾ 2 ਦੀ ਬਾਕੀ — ਨਾਬਰੀ ਦਾ ਪ੍ਰਵਚਨ-ਨਾਰੀ ਦਿਵਸ...

ਮੁੱਖ ਵਿਸ਼ੇਸ਼ਤਾ ਇਹ ਹੈ ਕਿ ਉਹ ਹਰ ਚੀਜ਼ ਨੂੰ ਵਸਤੂ ਬਣਾ ਦਿੰਦਾ ਹੈ, ‘ਔਰਤ ਦੇ ਸਰੀਰ’ ਨੂੰ ਵੀ।

ਇਹ ਸਭ ਕੁੱਝ ਵੇਖ ਕੇ ਦੇਵਦਾਸੀ ਪ੍ਰਥਾ ਦੀ ਯਾਦ ਆ ਜਾਂਦੀ, ਜਦੋਂ ਧਰਮ ਦੇ ਨਾਂਅ ਹੇਠ ਗਰੀਬ ਅਤੇ ਦਲਿਤ ਲੜਕੀਆਂ ਨੂੰ ਮੰਦਰਾਂ ਵਿਚ ‘ਦੇਵੀਆਂ’ ਦੇ ਚਰਨਾਂ ਵਿਚ ਅਰਪਿਤ ਕਰ ਦਿੱਤਾ ਜਾਂਦਾ ਸੀ। ਫਿਰ ਉਹ ਹਵਸ ਪੂਰਤੀ ਦਾ ਸਾਧਨ ਬਣ ਜਾਂਦੀਆਂ ਸਨ। ਬੇਸ਼ੱਕ ਸਦੀਆਂ ਬੀਤ ਗਈਆਂ, ਪਰ ਪੁਰਾਣੀਆਂ ਕਹਾਣੀਆਂ ਨਵੇਂ ਲਿਬਾਸ ਵਿੱਚ ਸਾਹਮਣੇ ਆ ਰਹੀਆਂ। ਔਰਤ ਵਿਰੋਧੀ ਮਾਨਸਿਕਤਾ ਭਾਰੂ ਹੋਣ ਕਾਰਨ ਔਰਤਾਂ ਸਰੀਰਕ ਤੇ ਮਾਨਸਿਕ ਸ਼ੋਸ਼ਣ ਦਾ ਸ਼ਿਕਾਰ ਹੋ ਰਹੀਆਂ। ਭਾਰਤ ਵਿੱਚ ਅੱਜ ਵੀ ਔਰਤ ਘਰੇਲੂ ਹਿੰਸਾ, ਅਗਵਾ, ਬਲਾਤਕਾਰ, ਤੇਜ਼ਾਬੀ ਹਮਲੇ, ਦਾਜ ਅਤੇ ਭਰੂਣ ਹੱਤਿਆ ਆਦਿ ਵਰਗੀਆਂ ਸਮੱਸਿਆਵਾਂ ਵਿੱਚ ਘਿਰੀ ਹੋਈ ਹੈ। ਬੇਸ਼ੱਕ ਕੁਦਰਤ ਨੇ ਔਰਤ ਨੂੰ ਜ਼ਿੰਦਗੀ ਸਿਰਜਣ, ਪਾਲਣ ਤੇ ਤਰਾਸ਼ਣ ਦਾ ਬਲ ਬਖਸ਼ਿਆ ਹੈ, ਪਰ ਔਰਤ ਨੂੰ ਦਬਾ ਕੇ ਰੱਖਣ ਦੀ ਸੋਚ ਹਮੇਸ਼ਾ ਹਾਵੀ ਰਹਿੰਦੀ ਹੈ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਔਰਤ ਪੱਖੀ ਬਹੁਤ ਸਾਰੇ ਕਾਨੂੰਨ ਬਣੇ ਹੋਏ ਹਨ, ਪਰ ਉਹ ਕਾਨੂੰਨ ਵੀ ਉਸ ਦੀ ਸੁਰੱਖਿਆ ਕਰਨ ਵਿੱਚ ਫੇਲ੍ਹ ਸਾਬਤ ਹੋਏ ਹਨ। ਜਿਸ ਦੇਸ਼ ਵਿੱਚ ਬਲਾਤਕਾਰੀਆਂ ਨੂੰ ਹਾਰ ਪਾ ਕੇ ਸਨਮਾਨਿਤ ਕੀਤਾ ਜਾਂਦਾ ਹੋਵੇ, ਉੱਥੇ ਔਰਤਾਂ ਪ੍ਰਤੀ ਅਪਰਾਧਾਂ ਵਿੱਚ ਵਾਧਾ ਹੀ ਹੋਵੇਗਾ। ਦੇਸ਼ ਅਤੇ ਪੰਜਾਬ ਵਿੱਚ ਹੁਣੇ ਲੜਕੀਆਂ ਦੇ ਕਤਲ ਦੀਆਂ ਵਾਪਰੀਆਂ ਕੁੱਝ ਤਾਜ਼ਾ ਘਟਨਾਵਾਂ ਇਹ ਸਾਬਤ ਕਰਦੀਆਂ ਹਨ ਕਿ ਅੱਜ ਵੀ ਔਰਤ ਨੂੰ ਜਾਇਦਾਦ ਹੀ ਸਮਝਿਆ ਜਾਂਦਾ। ਜੇ ਔਰਤ ਆਪਣੀ ਪਸੰਦ, ਨਾ ਪਸੰਦ ਜ਼ਾਹਰ ਕਰਦੀ ਹੈ ਤਾਂ ਇਹ ਉਸ ਲਈ ਮੌਤ ਦਾ ਵਾਰੰਟ ਸਾਬਤ ਹੁੰਦੀ ਹੈ। ਅਸਲ ਵਿੱਚ ਸ਼ੋਸ਼ਣ ’ਤੇ ਅਧਾਰਤ ਸਮਾਜ ਔਰਤਾਂ ਨੂੰ ਕਦੇ ਵੀ ਬਰਾਬਰਤਾ ਨਹੀਂ ਦੇ ਸਕਦਾ। ਇਹ ਮਸਲਾ ਇਕੱਲੀ ਔਰਤ ਦੀ ਅਜ਼ਾਦੀ ਦਾ ਨਹੀਂ, ਸਗੋਂ ਮਨੁੱਖ ਦੀ ਅਜ਼ਾਦੀ ਦਾ ਹੈ, ਜੋ ਇਸ ਪ੍ਰਬੰਧ ਨੂੰ ਬਦਲਣ ਨਾਲ ਹੀ ਮਿਲ ਸਕਦੀ ਹੈ।

ਕੌਮਾਂਤਰੀ ਮਹਿਲਾ ਦਿਵਸ ਦਾ ਇਤਿਹਾਸ ਬਹੁਤ ਸ਼ਾਨਾਮੱਤਾ ਤੇ ਪ੍ਰੇਰਨਾ ਦੇਣ ਵਾਲਾ ਹੈ। 8 ਮਾਰਚ ਸੰਘਰਸ਼ੀ ਔਰਤਾਂ ਦਾ ਦਿਨ ਹੈ, ਜਿਸ ਦੇ ਅਸਲੀ ਸਰੂਪ ਨੂੰ ਪਿਛਲੇ ਕੁੱਝ ਸਮੇਂ ਤੋਂ ਵਿਗਾੜਿਆ ਜਾ ਰਿਹਾ। ਇਸ ਦੇ ਇਤਿਹਾਸਕ ਪੱਖ ਨੂੰ ਧੁੰਦਲਾ ਕਰਦਿਆਂ, ਇਸ ਦਿਨ ਨੂੰ ਸਿਰਫ ਤੋਹਫੇ ਦੇਣ ਤੇ ਖਾਣ-ਪੀਣ ਤੱਕ ਸੀਮਤ ਕੀਤਾ ਜਾ ਰਿਹਾ, ਜਦਕਿ ਇਸ ਦਿਨ ਨੂੰ ਮਨਾਉਣ ਦਾ ਮਕਸਦ ਹੈ ਔਰਤਾਂ ਨੂੰ ਉਹਨਾਂ ਦਾ ਬਣਦਾ ਮਾਣ-ਸਤਿਕਾਰ ਦਿਵਾਉਣਾ ਅਤੇ ਆਪਣੇ ਹੱਕਾਂ ਅਤੇ ਅਧਿਕਾਰਾਂ ਬਾਰੇ ਜਾਗਰੂਕ ਕਰਵਾਉਣਾ। ਅੱਜ ਲੋੜ ਹੈ ਔਰਤਾਂ ਨੂੰ ਇਕਮੁੱਠ ਹੋ ਕੇ, ਨਿਊਯਾਰਕ ਦੀਆਂ ਔਰਤਾਂ ਵਾਂਗ ਆਪਣੇ ਹੱਕਾਂ ਲਈ ਸੜਕਾਂ ’ਤੇ ਉਤਰਨ ਦੀ। ਪੰਜਾਬ ਇਸਤਰੀ ਸਭਾ ਲਗਾਤਾਰ ਔਰਤਾਂ ਅਤੇ ਸ਼ੋਸ਼ਤ ਲੋਕਾਂ ਦੇ ਹੱਕਾਂ ਲਈ ਆਵਾਜ਼ ਬੁਲੰਦ ਕਰਦੀ ਰਹਿੰਦੀ ਹੈ। ਹੁਣ 8 ਮਾਰਚ ਨੂੰ ਪੰਜਾਬ ਇਸਤਰੀ ਸਭਾ ਵੱਲੋਂ ਸੂਬਾ ਪੱਧਰੀ ਸਮਾਗਮ ਲੁਧਿਆਣਾ ਵਿਖੇ ਕੀਤਾ ਜਾ ਰਿਹਾ ਹੈ, ਜਿਸ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਵੱਡੀ ਗਿਣਤੀ ਵਿੱਚ ਔਰਤਾਂ ਸ਼ਾਮਲ ਹੋਣਗੀਆਂ, ਜੋ ਆਪਣੇ ਹੱਕਾਂ, ਅਧਿਕਾਰਾਂ ਲਈ ਵਧੇਰੇ ਚੇਤਨ ਹੋ ਕੇ ਅੱਗੇ ਆਉਣਗੀਆਂ। ‘ਕੌਮਾਂਤਰੀ ਮਹਿਲਾ ਦਿਵਸ’ ਦੀਆਂ ਆਪ ਸਭ ਨੂੰ ਢੇਰ ਸਾਰੀਆਂ ਇਨਕਲਾਬੀ ਮੁਬਾਰਕਾਂ।

**ਮੋਬਾ. 94641-13255**

## ਸਫ਼ਾ 1 ਦੀ ਬਾਕੀ — ਮੁਹੱਬਤ ਦੇ ਗਵਾਹ ਹਰਿਆਣਾ ਦੇ ਮਕਬਰੇ ਤੇ ਸਮਾਰਕ...

ਤੋਂ 100 ਕਿਲੋਮੀਟਰ ਤੇ ਹਿਸਾਰ ਤੋਂ 60 ਕਿਲੋਮੀਟਰ ਦੂਰ ਮਹਿਮ ਵਿਖੇ ਸੈਦੂ ਕਲਾਲ ਨੇ ਸ਼ਾਹੀ ਫੌਜਾਂ ਤੇ ਆਮ ਲੋਕਾਂ ਲਈ ਇਕ ਬਾਉਲੀ ਦਾ ਨਿਰਮਾਣ ਕਰਵਾਇਆ ਸੀ। ਉਸ ਵਕਤ ਘੱਟ ਤੇ ਖਾਰੇ ਪਾਣੀ ਵਾਲੇ ਇਸ ਇਲਾਕੇ ਵਿਚ ਇਸ ਬਾਉਲੀ ਦੇ ਮਿੱਠੇ ਤੇ ਭਰਪੂਰ ਪਾਣੀ ਨੂੰ ਵੇਖ ਕੇ ਲੋਕਾਈ ਦੀ ਖੁਸ਼ੀ ਦੀ ਕੋਈ ਸੀਮਾ ਨਹੀਂ ਰਹੀ ਸੀ। ਜਨਮਾਨਸ ਸੈਦੂ ਕਲਾਲ ਦੀ ਦਿੱਬ-ਦ੍ਰਿਸ਼ਟੀ ਦੀ ਦਾਦ ਦੇਣ ਲੱਗਾ ਸੀ। ਮਹਿਮ ਦੀ ਇਸ ਬਾਉਲੀ ਦੇ ਨੇੜੇ ਹੀ ਵਿਰਾਸਤ ਦਾ ਹੋਰ ਖਾਸ ਪੱਖ ਵੇਖਣ ਨੂੰ ਮਿਲਦਾ ਹੈ। ਬਾਉਲੀ ਦੇ ਨੇੜੇ ਪੰਜ ਸਮਾਰਕ ਅੱਜ ਵੀ ਸੀਨਾ ਤਾਣੀ ਖੜ੍ਹੇ ਹਨ। ਇਨ੍ਹਾਂ ਸਮਾਰਕਾਂ ਦਾ ਕੋਈ ਲਿਖਤੀ ਰਿਕਾਰਡ ਨਹੀਂ ਮਿਲਦਾ। ਫਿਰ ਵੀ ਇਨ੍ਹਾਂ ਸਮਾਰਕਾਂ ਦੀ ਭਵਨ ਨਿਰਮਾਣ ਕਲਾ ਦੱਸਦੀ ਹੈ ਕਿ ਇਹ ਵੀ ਮਹਿਮ ਦੀ ਬਾਉਲੀ ਦੇ ਵੇਲੇ ਦੇ ਹਨ। ਲਖੌਰੀ ਇੱਟਾਂ ਤੇ ਚੂਨੇ ਨਾਲ ਬਣੇ ਇਹ ਸਮਾਰਕਾਂ ਦੇ ਗੁੰਬਦ ਅਸ਼ਟਭੁਜਾਕਾਰ ਅਧਾਰਾਂ ’ਤੇ ਟਿਕੇ ਹਨ। ਮਹਿਰਾਬਦਾਰ ਪ੍ਰਵੇਸ਼ ਦਵਾਰਾਂ ਵਾਲੇ ਇਹ ਸਮਾਰਕ ਵੀ ਮੁਗ਼ਲ ਕਾਲ ਦੀ ਭਵਨ ਨਿਰਮਾਣ ਕਲਾ ਦੇ ਉੱਤਮ ਨਮੂਨੇ ਹਨ।

ਝੱਜਰ ਸ਼ਹਿਰ ਦੇ ਦਿੱਲੀ ਗੇਟ ਕੋਲ ਮੁਗ਼ਲ ਬਾਦਸ਼ਾਹ ਅਕਬਰ, ਜਹਾਂਗੀਰ ਤੇ ਸ਼ਾਹਜਹਾਂ ਦੇ ਕਾਲ ਵਿਚ ਇੱਕੋ ਥਾਂ ਕੁਝ ਮਕਬਰੇ ਬਣਾਏ ਗਏ ਸਨ। ਇਹ ਮਕਬਰੇ ਜੌਨਪੁਰ ਦੇ ਮਕਬਰਿਆਂ ਨਾਲ ਮਿਲਦੇ-ਜੁਲਦੇ ਹਨ। ਇਕੋ ਜਿਹੀ ਬਣਤਰ ਹੋਣ ਕਾਰਨ ਇਹ ਕਿਆਸ ਕੀਤਾ ਜਾਂਦਾ ਹੈ ਕਿ ਇਹ ਮਕਬਰੇ ਇੱਕੋ ਪਰਵਾਰ ਦੇ ਹਨ।

ਝੱਜਰ ਵਿਖੇ ਬਣਿਆ ਇਕ ਹੋਰ ‘ਬੁਆ’ ਨਾਂਅ ਦੀ ਲੜਕੀ ਦਾ ਮਕਬਰਾ ਦੂਰ-ਦੂਰ ਤੱਕ ਪ੍ਰਸਿੱਧ ਹੈ। ਦੁਨੀਆ ਦੇ ਇਤਿਹਾਸ ਵਿਚ ਇਹ ਬਹੁਤ ਘੱਟ ਵੇਖਣ ਨੂੰ ਮਿਲਦਾ ਹੈ ਕਿ ਕਿਸੇ ਪ੍ਰੇਮਿਕਾ ਨੇ ਆਪਣੇ ਪ੍ਰੇਮੀ ਲਈ ਮਕਬਰਾ ਬਣਾਇਆ ਹੋਵੇ। ਝੱਜਰ ਵਿਖੇ ਜਗੀਰਦਾਰ ਮੁਸਤਫਾ ਕਲਾਲ ਦੀ ਧੀ ‘ਬੁਆ’ ਨੇ ਆਪਣੇ ਪ੍ਰੇਮੀ ਹਸਨ ਦੀ ਯਾਦ ਵਿਚ ਮਕਬਰਾ ਬਣਾਇਆ ਸੀ। ਹਸਨ ਗਰੀਬ ਜ਼ਰੂਰ ਸੀ, ਪਰ ਸੁੰਦਰਤਾ ਤੇ ਸੁਡੌਲਤਾ ਪੱਖੋਂ ਕਿਸੇ ਰਾਜ ਕੁਮਾਰ ਤੋਂ ਘੱਟ ਨਹੀਂ ਸੀ। ਹਸਨ ਯੁੱਧ ਵਿਚ ਮਾਰਿਆ ਗਿਆ ਸੀ। ਭਾਵੇਂ ਬੁਆ ਨੇ ਮਕਬਰਾ ਹਸਨ ਦੀ ਯਾਦ ਵਿਚ ਬਣਵਾਇਆ ਸੀ, ਪਰ ਲੋਕਾਈ ਇਸ ਮਕਬਰੇ ਨੂੰ ‘ਬੁਆ ਦਾ ਮਕਬਰਾ’ ਹੀ ਆਖਦੀ ਹੈ। ਲੱਗਭੱਗ ਤਿੰਨ ਸੌ ਸਾਲ ਪੁਰਾਣਾ ਇਹ ਮਕਬਰਾ ਖੰਡਰ ਬਣ ਚੁੱਕਿਆ ਹੈ। ਇਸ ਦੀਆਂ ਕੰਧਾਂ ਪਾਟ ਚੁੱਕੀਆਂ ਹਨ। ਇਸ ਮਕਬਰੇ ਦੀ ਸੁੱਧ ਲੈਣ ਵਾਲਾ ਕੋਈ ਨਹੀਂ ਹੈ।

ਕਰਨਾਲ ਵਿਖੇ ਸੈਯਦ ਮੁਹੰਮਦ ਮੀਰਾਂ ਦੀ ਯਾਦ ਵਿਚ ਮਕਬਰਾ ਬਣਿਆ ਹੋਇਆ ਹੈ। ਸੈਯਦ ਮੁਹੰਮਦ ਮੀਰਾਂ ਦੀ ਮੌਤ 899 ਈਸਵੀ (286 ਹਿਜਰੀ) ਨੂੰ ਹੋਈ ਸੀ। ਇਨ੍ਹਾਂ ਦੇ ਗੁਰੂ ਦਾ ਨਾਂਅ ਸੈਯਦ ਸਹਾਬੁਦੀਨ ਸੀ। ਜਨਮਾਨਸ ਦੀ ਸ਼ਿਕਾਇਤ ਸੀ ਕਿ ਵੇਲੇ ਦਾ ਹਾਕਮ ਬੇਹੱਦ ਅੜੀਅਲ ਅਤੇ ਜ਼ਾਲਮ ਹੈ। ਉਸ ਨੇ ਇਕ ਬ੍ਰਾਹਮਣ ਲੜਕੀ ਨੂੰ ਅਗਵਾ ਕਰ ਲਿਆ ਹੈ। ਸੈਯਦ ਮੁਹੰਮਦ ਮੀਰਾਂ ਨੇ ਸਥਾਨਕ ਲੋਕਾਂ ਦੀ ਫੌਜ ਤਿਆਰ ਕਰਕੇ ਤਲਵਾਰ ਚੁੱਕ ਲਈ ਸੀ ਤੇ ਲੜਕੀ ਨੂੰ ਛੁਡਵਾ ਲਿਆ ਸੀ। ਸੈਯਦ ਮੁਹੰਮਦ ਮੀਰਾਂ ਦੇ ਫੌਤ ਹੋਣ ਤੋਂ ਬਾਅਦ ਕਰਨਾਲ ਵਿਖੇ ਨਮਸਤੇ ਚੌਂਕ ਦੇ ਨਜ਼ਦੀਕ ਲੋਕਾਈ ਨੇ ਉਸ ਦੀ ਮਜ਼ਾਰ ’ਤੇ ਮਕਬਰਾ ਬਣਾਇਆ ਸੀ। ਬਹਾਦਰੀ ਦੀ ਦਾਸਤਾਨ ਦੇ ਗਵਾਹ ਇਸ ਮਕਬਰੇ ਤੇ ਚੌਂਕ ਨੂੰ ਮੀਰਾਂ ਘਾਟੀ ਵੀ ਕਿਹਾ ਜਾਂਦਾ ਹੈ। ਮਕਬਰੇ ਕੋਲ ਇਕ ਕਲਾਤਮਿਕ ਮਸਜਿਦ ਵੀ ਬਣੀ ਹੋਈ ਹੈ। ਮਜ਼ਾਰ ਤੇ ਮਸਜਿਦ ਦਾ ਪ੍ਰਬੰਧਨ ਮੁਜ਼ੱਫ਼ਰ ਨਗਰ ਵਕਫ਼ ਬੋਰਡ ਅਧੀਨ ਹੈ।

ਟੋਹਾਣਾ ਦੇ ਈਦਗਾਹ ਮੁਹੱਲੇ ਵਿਚ ਸਥਿਤ ਪ੍ਰਾਚੀਨ ਮਕਬਰੇ ਦੀ ਸ਼ੋਭਾ ਦਾ ਕੋਈ ਸ਼ਰੀਕ ਨਹੀਂ ਹੈ। ਮਕਬਰੇ ਦੀ ਬਨਾਵਟ ਵੇਖਦਿਆਂ ਇਹ ਉੱਤਰ ਮੁਗ਼ਲਕਾਲ ਵਿਚ ਬਣਿਆ ਜਾਪਦਾ ਹੈ। ਸਰਸਰੀ ਨਜ਼ਰ ਮਾਰਿਆਂ ਮਕਬਰਾ ਕਿਸੇ ਮਹਿਲ ਦਾ ਹਿੱਸਾ ਜਾਪਦਾ ਹੈ। ਲੱਗਭੱਗ ਵੀਹ ਫੁੱਟ ਉੱਚੇ ਇਸ ਮਕਬਰੇ ਦੀਆਂ ਕੰਧਾਂ ਦੀ ਮੋਟਾਈ ਪੰਜ ਫੁੱਟ ਦੇ ਕਰੀਬ ਹੈ। ਇਸ ਦੇ ਉੱਪਰ ਇਕ ਬਲਬ ਦੇ ਅਕਾਰ ਦਾ ਗੁੰਬਦ ਤੇ ਚਾਰ ਮੀਨਾਰ ਬਣੇ ਹੋਏ ਹਨ। ਗੁੰਬਦ ਅਸ਼ਟਭੁਜਾਕਾਰ ਆਧਾਰ ਉੱਪਰ ਟਿਕਿਆ ਹੋਇਆ ਹੈ। ਮਕਬਰੇ ਦੇ ਮੀਨਾਰਾਂ ਵਾਲੇ ਹਿੱਸੇ ਨੂੰ ਗੁੰਬਦ ਵਾਲੇ ਹਿੱਸੇ ਤੋਂ ਥੋੜ੍ਹਾ ਨੀਵਾਂ ਰੱਖਿਆ ਗਿਆ ਹੈ। ਮਕਬਰੇ ਦੀਆਂ ਮੀਨਾਰਾਂ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਇਹ ਮਕਬਰਾ ਆਪਣੇ ਸਮੇਂ ਵਿਚ ਇਬਾਦਤਗਾਹ ਵੀ ਸੀ। ਪਰ ਮਕਬਰੇ ਦੀ ਇਕ ਮੀਨਾਰ ਵਕਤ ਦੇ ਥੱਪੜਾਂ ਦੀ ਮਾਰ ਨਾ ਸਹਿੰਦੀ ਹੋਈ ਟੁੱਟ ਚੁੱਕੀ ਹੈ। ਵਰਗਾਕਾਰ ਤੇ ਚਾਰ ਚੁਫੇਰਿਓਂ ਇੱਕੋ ਜਿਹੀ ਸ਼ਕਲ ਵਾਲੇ ਇਸ ਮਕਬਰੇ ਨੂੰ ਬਣਾਉਣ ਵੇਲੇ ਇੱਟਾਂ ਨੂੰ ਹੀ ਘਟਾ-ਵਧਾ ਕੇ ਮਨਮੋਹਕ ਡਿਜ਼ਾਇਨ ਬਣਾਏ ਗਏ ਹਨ। ਇੱਟਾਂ ਨਾਲ ਹੀ ਮਕਬਰੇ ਦੀ ਛੱਤ ਨੂੰ ਵਧਾ ਕੇ ਚਾਰ-ਚੁਫੇਰੇ ਛੱਜਾ ਬਣਾਇਆ ਗਿਆ ਹੈ। ਇਹ ਨਿੱਕਾ-ਨਿੱਕਾ ਛੱਜਾ, ਮਕਬਰੇ ਦੀ ਸ਼ੋਭਾ ਨੂੰ ਚਾਰ ਚੰਦ ਲਗਾਉਂਦਾ ਜਾਪਦਾ ਹੈ। ਮਕਬਰੇ ਦੇ ਚਾਰੇ ਪਾਸੇ ਇੱਕੋ ਜਿਹੇ ਦਰਵਾਜ਼ਿਆਂ ਨੂੰ ਉੱਪਰੋਂ ਦੀਵੇ ਦੀ ਸ਼ਕਲ ਦਿੱਤੀ ਗਈ ਹੈ। ਮਕਬਰੇ ਦਾ ਅੰਦਰੂਨੀ ਭਾਗ ਵੀ ਬੇਹੱਦ ਖੂਬਸੂਰਤ ਹੈ। ਮਕਬਰੇ ਵਿਚ ਲੋੜ ਅਨੁਸਾਰ ਥਾਂ-ਥਾਂ ਆਲੇ ਬਣਾਏ ਗਏ ਹਨ। ਇਹੋ ਜਿਹਾ ਇਕ ਹੋਰ ਮਕਬਰਾ ਟੋਹਾਣਾ ਵਿਖੇ ਨਹਿਰ ਦੇ ਕੰਢੇ ਸਥਿਤ ਹੈ। ਠੋਸ ਗੁੰਬਦ ਵਾਲਾ ਇਹ ਮਕਬਰਾ ਵੀ ਮੁਗ਼ਲਕਾਲਿਨ ਮਕਬਰਿਆਂ ਦੇ ਡਿਜ਼ਾਇਨ ਤੋਂ ਪ੍ਰਭਾਵਿਤ ਜਾਪਦਾ ਹੈ। ਲਖੌਰੀ ਇੱਟਾਂ ਤੇ ਚੂਨੇ ਨਾਲ ਬਣੇ ਇਸ ਮਕਬਰੇ ਦੇ ਵਿਚਕਾਰਲੇ ਹਿੱਸੇ ਨੂੰ ਕੁਝ ਬਾਹਰ ਨੂੰ ਵਧਾਇਆ ਗਿਆ ਹੈ। ਟੋਹਾਣਾ ਦੇ ਇਹ ਦੋਵੇਂ ਮਕਬਰੇ ਹਰਿਆਣਾ ਪੁਰਾਤੱਤਵ ਵਿਭਾਗ ਅਧੀਨ ਸੁਰੱਖਿਅਤ ਹਨ। ਇਹ ਮਕਬਰੇ ਕਿਸ ਨੇ ਅਤੇ ਕਿਸ ਦੀ ਯਾਦ ਵਿਚ ਬਣਾਏ ਸਨ? ਇਹ ਅਜੇ ਖੋਜ ਦਾ ਵਿਸ਼ਾ ਹੈ।

**ਮੋਬਾ : 94165-92149**

# ਭਗਤ ਪੂਰਨ ਸਿੰਘ, ਗੁਰਪ੍ਰੀਤ ਤੇ 'ਰੌਲ਼ਿਆਂ ਵੇਲੇ'

ਇਕ ਦਿਨ ਭਗਵੰਤ ਰਸੂਲਪੁਰੀ ਮਿਲਣ ਆਇਆ ਤਾਂ ਮੈਂ ਕਹਾਣੀ ਦੇ ਨੋਟਸ ਲੈ ਰਿਹਾ ਸੀ। ਆਉਂਦਿਆਂ ਹੀ ਉਸ ਦੀ ਨਜ਼ਰ ਮਿਆਦ ਪੁਗਾ ਚੁੱਕੀ ਚੈੱਕ-ਬੁੱਕ 'ਤੇ ਪੈ ਗਈ, ਜਿਸ ਦੇ ਪਿੱਛੇ ਲਿਖ ਰਿਹਾ ਸੀ। ਦੇਖ ਕੇ ਉਸ ਨੇ ਤਨਜ਼ ਕੱਸਿਆ, "ਕੀ ਕੰਜੂਸੀ ਕਰਨ ਲੱਗਾ ਹੋਇਆਂ... ਸੌ ਰੁਪਏ ਦੇ ਕਾਗਜ਼ ਲਿਆਂਦੇ ਹੋਣ ਤਾਂ ਛੇ ਮਹੀਨੇ ਮੁੱਕਦੇ ਨੀ!"

"ਸੁਆਲ ਕੰਜੂਸੀ ਦਾ ਨੀ, ਸੁਆਲ ਐ ਇਕ ਕਾਗਜ਼ ਬਣਾਉਣ ਲਈ ਵੀ ਕਿਸੇ ਰੁੱਖ, ਝਾੜੀ ਦੀ ਡਾਲੀ ਵੱਢੀ ਗਈ ਹੋਵੇਗੀ। ਫਿਰ ਇਸ ਵਿਚ ਕਿੰਨੇ ਕੈਮੀਕਲ ਰਲੇ ਤੇ ਮਸ਼ੀਨੀ-ਪ੍ਰੋਸੈਸ 'ਚ ਪੈ ਕੇ ਕਾਗਜ਼ ਬਣਦਾ! ਢੋਆ-ਢੁਆਈ ਦੇ ਕਿੰਨੇ ਵਰਤਾਰਿਆਂ 'ਚੋਂ ਲੰਘ ਕੇ ਸ਼ੋਅ-ਰੂਮਾਂ/ਦੁਕਾਨਾਂ ਤੱਕ ਪੁੱਜਦਾ, ਜਿੱਥੋਂ ਅਸੀਂ ਖਰੀਦ ਕਰਦੇ ਹਾਂ.... ਇਸ ਦਾ ਇਕ ਪਾਸਾ ਅਣਵਰਤਿਆ ਪਿਆ... ਮੈਨੂੰ ਲਗਦਾ, ਨਵਾਂ ਕਾਗਜ਼ ਨਾ ਲੈ, ਇਸ ਨੂੰ ਵਰਤੋਂ 'ਚ ਲਿਆ; ਮੈਂ ਕੋਈ ਟਹਿਣੀ, ਕਿਸੇ ਝਾੜੀ ਨੂੰ ਵੱਢੇ ਜਾਣ ਤੋਂ ਬਚਾ ਰਿਹਾ ਹਾਂ... ਨਾਲੇ ਜੋ ਕੁਝ ਬਣ ਚੁੱਕਾ, ਉਸ ਦੀ ਸੁਯੋਗ ਵਰਤੋਂ ਵੀ!"

"ਤੇਰੇ ਇੰਜ ਕਰਨ ਨਾਲ ਕੀ ਹੋ ਜਾਊ.... ਕੀ ਰੁੱਖ ਵੱਢੇ ਜਾਣੇ ਰੁਕ ਜਾਣਗੇ!"

"ਸੁਆਲ ਇਹੀ ਐ ਕਿ ਸਾਨੂੰ ਲਗਦਾ, ਕੀ ਫਰਕ ਪੈਂਦਾ! ਪਰ ਜੇ ਸਾਰੇ ਇੰਜ ਕਰਨ ਲੱਗ ਪੈਣ ਤਾਂ ਕਿੰਨੇ ਰੁੱਖਾਂ ਦੀ ਤਬਾਹੀ, ਇਹਨਾਂ ਬਚੇ-ਖਾਵਾਂ ਦੀ ਵਰਤੋਂ ਹੀ ਬਚਾ ਸਕਦੀ ਐ!" ਪਿਛਲੇ ਕੁਝ ਸਾਲਾਂ ਤੋਂ ਮੇਰੀ ਇਹ ਆਦਤ ਬਣੀ ਹੋਈ ਹੈ, ਜਦੋਂ ਦੀ ਭਗਤ ਪੂਰਨ ਸਿੰਘ ਦੀ ਜੀਵਨੀ ਪੜ੍ਹੀ ਹੈ। ਉਸ ਦੀ ਕਾਰਜ-

## ਚਿੰਤਨ

### ਬਲਬੀਰ ਪਰਵਾਨਾ

ਸ਼ੈਲੀ ਨੂੰ ਜਾਣਿਆ ਤਾਂ ਲੱਗਾ, ਅਸੀਂ ਉਸ ਵਰਗੇ ਤਾਂ ਨਹੀਂ ਬਣ ਸਕਦੇ, ਪਰ ਉਸ ਦੀ ਕਿਸੇ ਇਕ-ਅੱਧੀ ਗੱਲ ਨੂੰ ਤਾਂ ਅਪਣਾ ਹੀ ਸਕਦੇ ਹਾਂ। 'ਨਵਾਂ ਜ਼ਮਾਨਾ' 'ਚ ਨੌਕਰੀ ਕਰਦਾ ਸੀ ਤਾਂ ਜਦੋਂ ਵੀ ਪਿੰਗਲਵਾੜਾ ਅੰਮ੍ਰਿਤਸਰ ਤੋਂ ਕੋਈ ਲਿਖਤ ਆਉਂਦੀ, ਉਹ ਕਦੀ ਵੀ ਸਾਫ਼, ਨਵੇਂ-ਨਕੋਰ ਕਾਗਜ਼ 'ਤੇ ਨਹੀਂ ਸੀ ਹੁੰਦੀ। ਅਕਸਰ ਹੀ ਪੁਰਾਣੇ ਕਾਗਜ਼ਾਂ 'ਤੇ ਹੁੰਦੀ, ਜਿਨ੍ਹਾਂ ਦਾ ਇਕ ਪਾਸਾ ਛਪਿਆ ਜਾਂ ਕੁਝ ਹੋਰ ਲਿਖਿਆ ਹੁੰਦਾ। ਪਿਛਲੇ ਪਾਸੇ ਬਚੇ ਖਾਲੀ ਪੰਨੇ 'ਤੇ ਇਹ ਲਿਖਤ ਹੁੰਦੀ। ਹੌਲੀ-ਹੌਲੀ ਸਮਝ ਆਈ, ਇਹ ਖਪਤਵਾਦ ਦੇ ਖਿਲਾਫ ਬਹੁਤ ਵੱਡੀ ਲੜਾਈ ਹੈ, ਸਗੋਂ ਵਧੇਰੇ ਸਿਰਜਣਾਤਮਕ ਢੰਗ ਨਾਲ। ਉਦੋਂ ਤੋਂ ਹੀ ਕਾਗਜ਼ਾਂ ਦੀ ਵਰਤੋਂ ਦੇ ਮਾਮਲੇ 'ਚ ਪੜ੍ਹੇ ਹੋਏ ਪਰੂਫਾਂ ਦੇ ਪਿਛਲੇ ਪਾਸੇ ਦੇ ਖਾਲੀ ਪੰਨੇ, ਅਖ਼ਬਾਰਾਂ 'ਚੋਂ ਨਿਕਲਦੀਆਂ ਇਸ਼ਤਿਹਾਰੀ ਪਰਚੀਆਂ ਜਾਂ ਸਮਾਂ ਲੰਘਾ ਚੁੱਕੇ ਦਸਤਾਵੇਜ਼ਾਂ ਦੇ ਸਾਫ਼ ਹਿੱਸੇ ਅਕਸਰ ਲਿਖਣ ਲਈ ਵਰਤਦਾ ਹਾਂ। 2018 ਵਿਚ ਜਦੋਂ ਮੇਰਾ ਨਾਵਲ 'ਖਾਂਡਵ ਦਾਹ' ਛਪਿਆ ਤਾਂ ਇਹ ਭਗਤ ਪੂਰਨ ਸਿੰਘ ਹੁਰਾਂ ਨੂੰ ਇਹਨਾਂ ਸ਼ਬਦਾਂ ਨਾਲ ਸਮਰਪਿਤ ਕੀਤਾ ਗਿਆ :

*ਪੰਜਾਬ ਦੇ*
*ਮਹਾਨ ਕਰਮਯੋਗੀ ਚਿੰਤਕ*
*ਭਗਤ ਪੂਰਨ ਸਿੰਘ*
*ਦੇ*
*ਨਾਂਅ*

ਉਦੋਂ ਵੀ ਲੱਗਦਾ ਸੀ ਤੇ ਹੁਣ ਵੀ; ਭਗਤ ਪੂਰਨ ਸਿੰਘ ਪੰਜਾਬ ਦਾ ਬਹੁਤ ਵੱਡਾ ਨਾਇਕ ਹੈ, ਮਹਾਂ-ਨਾਇਕ। ਪੰਜਾਬੀ ਕੌਮ ਨੇ ਜੇ ਸਹੀ ਲੀਹਾਂ 'ਤੇ ਭਵਿੱਖ ਤਲਾਸ਼ਣਾ ਹੈ ਤਾਂ ਉਸ ਨੂੰ ਆਪਣੀ ਮਿੱਟੀ 'ਚੋਂ ਉੱਗੇ ਅਜਿਹੇ ਨਾਇਕਾਂ ਨੂੰ ਆਪਣੇ ਆਈਕਨ ਬਣਾਉਣਾ ਪਵੇਗਾ।

ਲੇਖਕ ਦਾ ਕੰਮ ਸਿਰਫ਼ ਸ਼ਬਦਾਂ ਦੀ ਖੇਡ ਨਹੀਂ ਹੁੰਦੀ! ਜੋ ਕੁਝ ਉਹ ਲਿਖਦਾ, ਜੇ ਉਸ ਦੇ ਦਿਲ, ਉਸ ਦੀ ਜ਼ਿੰਦਗੀ ਦੀ ਸੁਰ-ਸੇਧ 'ਚੋਂ ਨਹੀਂ ਨਿਕਲਦਾ ਤਾਂ ਸ਼ਬਦ ਖੋਖਲੇ ਰਹਿ ਜਾਂਦੇ ਹਨ। ਉਹਨਾਂ ਦਾ ਨਾ ਉਸ ਦੀ ਆਪਣੀ ਜ਼ਿੰਦਗੀ 'ਚ ਕੋਈ ਅਰਥ ਬਣਦਾ, ਨਾ ਪਾਠਕ ਦੀ ਜ਼ਿੰਦਗੀ 'ਚ; ਪਰ ਜਦੋਂ ਇਹ ਜ਼ਿੰਦਗੀ ਦੇ ਅਮਲ 'ਚੋਂ ਨਿਕਲੀ ਹੋਵੇ! ਸ਼ਿਵ, ਪਾਸ਼, ਅੰਮ੍ਰਿਤਾ... ਪੰਜਾਬੀ ਸਾਹਿਤ 'ਚ ਕਿੰਨੀਆਂ ਹੀ ਉਦਾਹਰਣਾਂ ਹਨ, ਜਿੱਥੇ ਜ਼ਿੰਦਗੀ-ਅਮਲ 'ਚੋਂ ਨਿਕਲੇ ਹੋਏ ਸ਼ਬਦ ਪਾਠਕਾਂ ਦੇ ਸਿਰ ਚੜ੍ਹ ਕੇ ਬੋਲੇ। ਇਹ ਅਜਿਹੀ ਅਵਸਥਾ ਹੁੰਦੀ ਹੈ, ਜਿੱਥੇ ਲੇਖਕ ਖ਼ੁਦ ਵੀ ਆਪਣੇ ਸ਼ਬਦਾਂ ਦੁਆਰਾ ਘੜਿਆ ਜਾ ਰਿਹਾ ਹੁੰਦਾ। ਉਹ ਰਚਨਾ ਨੂੰ ਹੀ ਨਹੀਂ ਸਿਰਜ ਰਿਹਾ ਹੁੰਦਾ, ਰਚਨਾ ਵੀ ਉਸ ਨੂੰ ਘੜ ਰਹੀ ਹੁੰਦੀ ਹੈ। ਲਿਖਣ ਵੇਲੇ ਮੇਰੀ ਸਦਾ ਹੀ ਕੋਸ਼ਿਸ਼ ਰਹੀ ਹੈ, ਜੋ ਕੁਝ ਲਿਖ ਰਿਹਾ ਹਾਂ, ਉਸ ਸੁਰ-ਸੇਧ 'ਚ ਮੇਰਾ ਵਿਸ਼ਵਾਸ ਹੋਵੇ, ਉਸ ਜ਼ਿੰਦਗੀ ਦੇ ਸਲੀਕੇ 'ਚ, ... ਜੇ ਉਹਨਾਂ ਲਿਖੇ ਜਾ ਰਹੇ ਸ਼ਬਦਾਂ 'ਚ ਮੇਰਾ ਹੀ ਵਿਸ਼ਵਾਸ ਨਹੀਂ ਤਾਂ ਕੋਈ ਹੋਰ ਕਿਉਂ ਉਨ੍ਹਾਂ 'ਤੇ ਵਿਸ਼ਵਾਸ ਕਰੇਗਾ। ਦੂਸਰੀ ਕੋਸ਼ਿਸ਼ ਹੁੰਦੀ ਹੈ ਉਸ ਪਾਤਰ ਦੀ ਤਲਾਸ਼, ਜਿਹੜਾ ਖਪਤ ਦੇ ਅੰਨ੍ਹੇ-ਬੋਲ਼ੇ ਵਹਿਣ ਤੋਂ ਕੁਝ ਕੁ ਪਾਸੇ ਹੋ ਕੇ ਖੜ੍ਹਾ ਹੋਵੇ! ਅਜਿਹੇ ਬੰਦੇ ਦੀ ਤਲਾਸ਼ ਤੇ ਇਸ ਦਾ ਚਿੰਤਨ... ਇਹਨਾਂ ਕੋਸ਼ਿਸ਼ਾਂ 'ਚੋਂ ਸਮਝ ਆਇਆ, ਦੁਨੀਆ ਤਾਂ ਅਜਿਹੇ ਬੰਦਿਆਂ ਨਾਲ ਭਰੀ ਪਈ ਹੈ, ਜਿਹੜੇ ਮੁੱਖ-ਧਾਰਾ ਵਹਿਣ ਤੋਂ ਦੁਖੀ ਹਨ, ਸਿਰਫ਼ ਉਨ੍ਹਾਂ 'ਤੇ ਫੋਕਸ ਨਹੀਂ ਕੀਤਾ ਜਾ ਰਿਹਾ ਕਿ ਕਾਰਪੋਰੇਟਾਂ ਵੱਲੋਂ ਘੜੀ ਜਾ ਰਹੀ ਜੀਵਨ-ਜਾਚ ਨੂੰ ਇਹ ਪੁੱਗਦਾ ਨਹੀਂ। ਉਸ ਨੂੰ ਤਾਂ 'ਯੂਜ਼ ਐਂਡ ਥਰੋ' ਵਾਲਾ ਬੰਦਾ ਚਾਹੀਦਾ! ਸ਼ਾਪਿੰਗ ਇਕ ਆਦਤ ਬਣੀ ਜਾ ਰਹੀ ਹੈ, ਖਰੀਦਦਾਰੀ ਲੋੜ ਲਈ ਨਹੀਂ, ਸਗੋਂ ਇਕ ਸਟੇਟਸ-ਸਿੰਬਲ ਵਜੋਂ ਦਿਖਾਵੇ ਲਈ। ਇਹ ਖਪਤ ਦਾ ਫੈਸ਼ਨ ਕਿਵੇਂ ਬੰਦੇ ਅੰਦਰੋਂ ਉਸ ਦੀ 'ਬੰਦਿਆਈ' ਨੂੰ ਖਾ ਰਿਹਾ, ਮੇਰੀਆਂ ਬਹੁਤੀਆਂ ਲਿਖਤਾਂ ਵਿਚ ਇਸ ਦੀ ਸੁਰ ਉੱਭਰਵੇਂ ਰੂਪ 'ਚ ਹੈ। ਕੁਝ ਤਾਂ ਬੁਣੀਆਂ ਹੀ ਇਸ ਦੁਆਲੇ ਹਨ। 'ਰੌਲ਼ਿਆਂ ਵੇਲੇ' ਵਿਚ ਵੀ ਇਹੀ ਸੁਰ ਸੇਧ ਹੈ, ਪਰ ਕੁਝ ਕੁ ਮੱਧਮ ਸੁਰ 'ਚ, ਕਿ ਇਸ ਦਾ ਮੁੱਖ ਫੋਕਸ ਸੰਤਾਲੀ ਦੀ ਮਹਾਂ-ਤ੍ਰਾਸਦੀ ਹੈ। ਇਸ ਤ੍ਰਾਸਦੀ ਦੀਆਂ ਜੜ੍ਹਾਂ ਤਲਾਸ਼ਦਾ ਇਸ ਦਾ ਨਾਇਕ ਗੁਰਪ੍ਰੀਤ ਆਪਣੀ ਜੀਵਨ-ਸ਼ੈਲੀ ਰਾਹੀਂ ਇਹ ਸੰਦੇਸ਼ ਦੇ ਰਿਹਾ ਕਿ ਭਾਰੂ ਜੀਵਨ-ਜਾਚ 'ਚ ਰੁੜ੍ਹਨ ਦੀ ਥਾਂ ਬੰਦੇ ਨੂੰ ਆਪਣੇ ਅੰਦਰਲੇ ਨਾਲ ਖੜੋਣਾ ਚਾਹੀਦਾ। ਉਹ ਹਾਬੜ ਵਾਲੀ ਜੀਵਨ-ਜਾਚ ਦੇ ਵਹਿਣ 'ਚ ਰੁੜ੍ਹਨ ਤੋਂ ਇਨਕਾਰ ਕਰਦਾ ਹੈ, ਸੁਚੇਤ ਰੂਪ 'ਚ ਇਨਕਾਰ। ਉਸ ਕੋਲ ਇਸ ਦਾ ਚਿੰਤਨ ਵੀ ਹੈ, ਜਦੋਂ ਉਹ ਆਬਿਦਾ ਨੂੰ ਕਹਿੰਦਾ:

*"ਗੁਜ਼ਾਰਾ ਤਾਂ ਜਿਹੜੇ ਦੋ-ਦੋ, ਢਾਈ-ਢਾਈ ਲੱਖ ਲੈ ਰਹੇ ਐ, ਉਹਨਾਂ ਨੂੰ ਵੀ ਹੁੰਦਾ ਨੀ! ਲਗਦਾ! ਉਹਨਾਂ ਨੂੰ ਹੋਰ ਚਾਹੀਦੇ ਐ। ਅੰਬਾਨੀ ਭਾਰਤ ਦਾ ਸਭ ਤੋਂ ਅਮੀਰ ਬੰਦਾ, ਉਸ ਦੀ ਭੁੱਖ ਦੁਨੀਆ ਦਾ ਸਭ ਤੋਂ ਅਮੀਰ ਬਣਨ ਦੀ ਹੈ। ਇਹ ਹਾਬੜ ਹੁੰਦੀ ਐ, ਇਸਦਾ ਕਿਤੇ ਅੰਤ ਨੀਂ, ਮਜ਼ਦੂਰ ਨੂੰ ਇਥੇ ਦਿਹਾੜੀ ਮਿਲਦੀ ਐ ਸਾਢੇ ਚਾਰ ਸੌ ਰੁਪਏ... ਉਹ ਇਸੇ 'ਚ ਹੀ ਗੁਜ਼ਾਰਾ ਕਰੀ ਜਾ ਰਿਹਾ... ਵਿਚ ਬਿਮਾਰ-ਠਮਾਰ ਹੋਣ 'ਤੇ ਕੰਮ 'ਤੇ ਵੀ ਨੀ ਜਾ ਸਕਦਾ! ਜਾਂ ਕਿਸੇ ਰਿਸ਼ਤੇਦਾਰੀ 'ਚ ਵਿਆਹ-ਮਰਨਾ ਆ ਗਿਆ। ਇਹ ਟੁੱਟਦੀਆਂ ਦਿਹਾੜੀਆਂ... ਸੰਤਾਲੀ ਦੇ ਆਸਪਾਸ ਦਿਹਾੜੀ ਹੁੰਦੀ ਸੀ ਚਾਰ ਆਨੇ। ਗੁਜ਼ਾਰਾ ਉਦੋਂ ਵੀ ਹੁੰਦਾ ਸੀ.... ਕਿਤੇ ਤਾਂ ਹੱਦ ਮਿਥਣੀ ਵੀ ਪਵੇਗੀ... ਫਿਰ ਸੰਤੁਸ਼ਟੀ...!... ਮੈਨੂੰ ਕੋਈ ਵਧੀਆ ਸ਼ੂਟ ਕਰਕੇ ਜਿੰਨੀ ਤਸੱਲੀ ਮਿਲਦੀ ਐ, ਓਨੀ ਸ਼ਾਇਦ ਕਿਸੇ ਫਾਈਵ-ਸਟਾਰ 'ਚ ਰਹਿ ਕੇ ਨਾ ਮਿਲੇ... ਗੱਲ ਤਾਂ ਆਪਣੇ ਅੰਦਰਲੇ ਨਾਲ ਜੁੜਨ ਦੀ ਐ! ਜੀਊਣ ਦੇ ਮੇਰੇ ਮਨ 'ਚ ਆਪਣੀ ਤਰ੍ਹਾਂ ਦੇ ਮਿਆਰ ਐ... ਸਭ ਤੋਂ ਪਹਿਲਾਂ ਜ਼ਿੰਦਗੀ ਨੂੰ ਸਮਝਣਾ... ਘੁੰਮਣਾ ਵੀ... ਦੇਖਣਾ ਵੱਖ-ਵੱਖ ਇਲਾਕਿਆਂ, ਸੱਭਿਆਚਾਰਾਂ ਨੂੰ; ਵਖਰੇਵੇਂ ਕਦੋਂ ਤੇ ਕਿਵੇਂ ਪਨਪਣੇ ਸ਼ੁਰੂ ਹੋਏ... ਇਹਨਾਂ ਦੇ ਪਨਪਣ ਪਿੱਛੇ ਆਰਥਿਕਤਾ ਦੀ ਕਿੰਨੀ ਭੂਮਿਕਾ ਹੈ ਤੇ ਰਾਜਨੀਤੀ ਦੀ ਕਿੰਨੀ...?... ਮੈਂ ਹਾਬੜ 'ਚ ਗੁਆਚਣਾ ਨਹੀਂ ਚਾਹੁੰਦਾ... ਇਹ ਜਦੋਂ ਮੂੰਹ-ਜ਼ੋਰ ਹੋ ਜਾਵੇ, ਬੰਦਾ ਇਸ ਦੇ ਰੋੜ੍ਹ 'ਚ ਵਹਿਣ ਲੱਗੇ ਤਾਂ ਉਸ ਦੇ ਅੰਦਰਲਾ ਗੁਆਚ ਜਾਂਦਾ... ਖਪਤ ਦੇ ਮਾਇਆ-ਜਾਲ 'ਚ ਉਲਝ ਕੇ ਰਹਿ ਜਾਂਦਾ ਹੈ ਫਿਰ।"*

ਗੁਰਪ੍ਰੀਤ ਦੇ ਇਹ ਬੋਲ ਉਸ ਦੀ ਜੀਵਨ-ਸ਼ੈਲੀ ਦਾ ਚਿੰਤਨ ਹਨ, ਉਸ ਦੀ ਸਮੁੱਚੀ ਕਾਰਜ-ਸ਼ੈਲੀ ਦਾ ਕੇਂਦਰੀ ਥੀਮ। ਇਹ ਹੀ ਇਸ ਨਾਵਲ ਦਾ ਲੁਕਿਆ ਹੋਇਆ ਥੀਮ ਵੀ ਹੈ ਕਿ ਕਿਉਂ ਸੰਤਾਲੀ ਵਾਰ-ਵਾਰ ਵਾਪਰਦੇ ਹਨ; ਕਿਉਂ ਚੁਰਾਸੀ ਵਰਤਾਏ ਜਾਂਦੇ ਹਨ। ਕਿਤੇ ਜਾਇਦਾਦ ਦੀ ਹਵਸ਼ ਹੈ, ਕਿਤੇ ਕੁਰਸੀ ਦੀ। ਤੇ ਜਦੋਂ ਕੋਈ ਪਾਠਕ ਇਸ ਸੰਦੇਸ਼ ਤੱਕ ਜਾ ਪੁੱਜਦਾ ਤਾਂ... ਗੁਰਪ੍ਰੀਤ ਸਿੰਘ (ਬੀ.ਸੀ., ਕੈਨੇਡਾ ਬੇਸਡ ਪੱਤਰਕਾਰ) ਦਾ ਨਾਵਲ ਪੜ੍ਹ ਕੇ 25 ਸਤੰਬਰ 2025 ਨੂੰ ਫੋਨ ਆਇਆ। ਉਦੋਂ ਤੱਕ ਅਸੀਂ ਆਪਸ 'ਚ ਮਿਲੇ ਤਾਂ ਕੀ, ਕਦੀ ਫੋਨ 'ਤੇ ਵੀ ਗੱਲ ਨਹੀਂ ਸੀ ਹੋਈ। ਉਸ ਨੇ ਨਾਵਲ ਬਾਰੇ ਬੜੀਆਂ ਹਾਂ-ਪੱਖੀ ਗੱਲਾਂ ਕੀਤੀਆਂ, ਇਸ ਦੇ ਕੇਂਦਰੀ ਨੁਕਤੇ ਸਬਰ-ਸੰਤੋਖ ਵਾਲੀ ਜੀਵਨ-ਜਾਚ ਬਾਰੇ ਵੀ, ਜਿਹੜੀ ਮਨ-ਇਛੁੱਤ ਕੰਮ ਕਰਨ ਲਈ ਪ੍ਰੇਰਦੀ ਹੈ। ਅਗਲੇ ਦਿਨ 26 ਸਤੰਬਰ ਨੂੰ ਈ-ਮੇਲ 'ਤੇ ਉਸ ਨੇ ਇਹ ਲਿਖਤ ਭੇਜੀ :



ਭਗਤ ਪੂਰਨ ਸਿੰਘ

"ਕੰਮ ਛੱਡੇ ਨੂੰ ਤਕਰੀਬਨ ਛੇ ਮਹੀਨੇ ਹੋ ਚੁੱਕੇ ਸਨ। ਬਿਨਾਂ ਕਿਸੇ ਕਮਾਈ ਦੇ ਘਰ ਬੈਠਿਆਂ ਕਈ ਵਾਰ ਆਪਣੇ-ਆਪ 'ਤੇ ਸ਼ਰਮ ਵੀ ਆਉਣੀ, ਪਰ ਕਰਦਾ ਵੀ ਕੀ? ਜਿੱਥੇ ਕਿਤੇ ਕੋਈ ਨਵੀਂ ਨੌਕਰੀ ਲਈ ਦਸਤਕ ਦਿੱਤੀ, ਅੱਗੋਂ ਕੋਈ ਹੁੰਗਾਰਾ ਨਹੀਂ ਸੀ ਮਿਲਦਾ। ਪਿਛਲੇ ਤਿੰਨ ਦਹਾਕਿਆਂ ਤੋਂ ਸਿਰਫ਼ ਅਖ਼ਬਾਰਾਂ ਲਈ ਜਾਂ ਫਿਰ ਕੈਨੇਡਾ ਆਉਣ ਪਿੱਛੋਂ ਰੇਡੀਓ ਸਟੇਸ਼ਨਾਂ 'ਤੇ ਖ਼ਬਰਾਂ ਦੇਣ ਅਤੇ ਗੱਲਬਾਤ ਕਰਨਾ ਹੀ ਜਾਣਦਾ ਸੀ। ਕਈ ਵਾਰ ਇਕ ਸਾਥੀ ਪੱਤਰਕਾਰ ਦੀ ਪੁਰਾਣੀ ਟਿੱਚਰ ਵੀ ਚੇਤੇ ਆਉਂਦੀ ਰਹਿੰਦੀ। ਉਹ ਅਕਸਰ ਹੀ ਕਿਹਾ ਕਰਦਾ ਕਿ ਅਸੀਂ ਹੋਰ ਕੁੱਝ ਕਰਨ ਜੋਗੇ ਵੀ ਤਾਂ ਨਹੀਂ! ਹੈ ਵੀ ਸੱਚ, ਲੋਕਾਂ 'ਤੇ ਤਵਾ ਲਾਉਣ ਵਾਲਿਆਂ ਨੂੰ ਕੰਮ ਟੁੱਟਣ 'ਤੇ ਕਿਹੜਾ ਮੂੰਹ ਲਾਵੇ! ਖ਼ੈਰ ਸਮਾਂ ਤਾਂ ਫੇਰ ਵੀ ਕੱਢਣਾ ਹੀ ਹੁੰਦਾ! ਸੋ ਜਾਂ ਤਾਂ ਸੈਰ ਕਰ ਲਈ, ਬੂਟਿਆਂ ਨੂੰ ਪਾਣੀ ਦੇ ਲਿਆ, ਬੇਟੀ ਨੂੰ ਸਕੂਲ ਛੱਡਦਾ ਅਤੇ ਮਗਰੋਂ ਘਰੇ ਵਾਪਸ ਲਿਆਉਣਾ। ਕੁਝ ਪੜ੍ਹ ਲਿਆ ਜਾਂ ਫਿਰ ਲਿਖ ਲਿਆ ਜਾਂ ਕਦੇ-ਕਦੇ ਕੋਈ ਫਿਲਮ ਦੇਖ ਲਈ। ਨਾਲ ਦੀ ਨਾਲ ਕੰਮ ਦੀ ਭਾਲ ਲਈ ਪੂਰਾ ਜ਼ੋਰ ਲਾਈ ਰੱਖਣਾ। ਇਸੇ ਕਸ਼ਮਕਸ਼ ਵਿਚ ਨਾਵਲ ਚੁੱਕ ਲਿਆ। ਸੋਚਿਆ ਵੀ ਨਹੀਂ ਸੀ ਇਸ ਵਿਚਲੀ ਕਹਾਣੀ ਮੇਰੀ ਦਿਸ਼ਾ ਬਦਲ ਛੱਡੇਗੀ। ਪੜ੍ਹਨ ਬੈਠਾ ਤਾਂ ਖੁੱਭ ਹੀ ਗਿਆ। ਨਾਵਲ ਹਿੰਦ-ਪਾਕਿ ਵੰਡ ਦੇ ਦੁਖਾਂਤ ਬਾਰੇ ਸੀ। ਟਾਈਟਲ ਵੀ ਉਸ ਦਾ ਉਸ ਸਮੇਂ ਹੋਈ ਮਾਰ ਵੱਢ ਦੀ ਨਿਸ਼ਾਨਦੇਹੀ ਕਰਦਾ। 'ਰੌਲ਼ਿਆਂ ਵੇਲੇ' ਦਾ ਮੁੱਖ ਪਾਤਰ ਵੀ ਗੁਰਪ੍ਰੀਤ ਸੀ, ਜਾਣੀ ਮੇਰੇ ਹੀ ਨਾਂਅ ਵਾਲਾ ਕਹਾਣੀ ਦਾ ਨਾਇਕ, ਜਿਸ ਦੇ ਸਿਰ 'ਤੇ ਆਪਣੇ ਖੋਜ ਦੇ ਕੰਮ ਨੂੰ ਲੈ ਕੇ ਜਨੂੰਨ ਸਵਾਰ ਰਹਿੰਦਾ। ਉਹ ਦੇਸ਼ ਦੀ ਤਕਸੀਮ ਵੇਲੇ ਹੋਏ ਫ਼ਿਰਕੂ ਕਤਲੇਆਮ ਦਾ ਸ਼ਿਕਾਰ ਹੋਣ ਵਾਲਿਆਂ ਦੇ ਦਰਦ ਨੂੰ ਸਮਝਣ ਦੀ ਕੋਸ਼ਿਸ਼ ਕਰਦਾ, ਉਹਨਾਂ ਦੇ ਅਨੁਭਵ ਕਲਮਬੰਦ ਕਰਦਾ ਅਤੇ ਆਪਣੇ ਯੂ-ਟਿਊਬ ਚੈਨਲ 'ਤੇ ਉਸ ਨਾਲ ਜੁੜੀਆਂ ਯਾਦਾਂ ਨੂੰ ਕੈਮਰੇ ਵਿਚ ਸਮੇਟਦਾ। ਉਸ ਨੂੰ ਇਸ ਗੱਲ ਦਾ ਕੋਈ ਵੀ ਝੋਰਾ ਨਹੀਂ ਸੀ ਕਿ ਇਸ ਕੰਮ 'ਚੋਂ ਕੁਝ ਕਮਾਏਗਾ ਜਾਂ ਨਹੀਂ। ਬਸ ਆਪਣੀ ਧੁੰਨ ਵਿਚ ਸਵਾਰ। ਉਹ ਤਾਂ ਇਸ ਗੱਲ ਨਾਲ ਵੀ ਕੋਈ ਸਮਝੌਤਾ ਨਹੀਂ ਸੀ ਕਰਦਾ ਕਿ ਪੈਸੇ ਬਣਾਉਣ ਲਈ ਵਿਆਹ-ਸ਼ਾਦੀਆਂ ਦੀ ਰਿਕਾਰਡਿੰਗ ਕਰ ਲਵੇ। ਕਾਫੀ ਹੱਦ ਤੱਕ ਮੈਨੂੰ ਉਹ ਆਪਣੇ ਵਰਗਾ ਹੀ ਜਾਪਿਆ। ਮੈਂ ਵੀ ਪੱਤਰਕਾਰੀ ਇਸੇ ਜਨੂੰਨ ਨਾਲ ਕਰਦਾ ਰਿਹਾ ਹਾਂ। ਕਹਾਣੀ ਪੜ੍ਹਨ ਤੋਂ ਪਿੱਛੋਂ ਮੇਰੀ ਇਕ ਮੁਸ਼ਕਲ ਤਾਂ ਹੱਲ ਹੋ ਗਈ। ਘੱਟੋ-ਘੱਟ ਮੇਰੀ ਮੰਜ਼ਿਲ ਤੈਅ ਹੋ ਗਈ। ਨਾਵਲ ਵਾਲੇ ਗੁਰਪ੍ਰੀਤ ਨੇ ਜਿਵੇਂ ਮੂਹਰੇ ਖੜ੍ਹ ਕੇ ਮੈਨੂੰ ਸ਼ੀਸ਼ਾ ਵਿਖਾ ਦਿੱਤਾ, ਕਿ ਜੇ ਉਹ ਆਪਣੇ ਕੰਮ ਲਈ ਸਮਰਪਿਤ ਹੋ ਸਕਦਾ ਹੈ, ਪੈਸੇ ਧੇਲੇ ਦੀ ਪ੍ਰਵਾਹ ਕੀਤੇ ਬਿਨਾਂ ਤਾਂ ਮੈਂ ਕਿਉਂ ਨਹੀਂ। ਮੈਂ ਕੁਝ ਕੁ ਦਿਨਾਂ ਵਿਚ ਹੀ ਆਪਣੇ ਖ਼ਾਸ ਦੋਸਤਾਂ ਨਾਲ ਮਸ਼ਵਰਾ ਕਰਨ ਤੋਂ ਪਿੱਛੋਂ ਨਿਰਣਾ ਕਰ ਲਿਆ ਕਿ ਬਹੁਤ ਕਰ ਲਈ ਨੌਕਰੀ। ਹੁਣ ਆਪਣਾ ਆਜ਼ਾਦ ਯੂਟਿਊਬ ਚੈਨਲ ਸ਼ੁਰੂ ਕੀਤਾ ਜਾਵੇ। ਮੇਰੀ ਜੀਵਨ-ਸਾਥੀ ਰਚਨਾ ਨੇ ਮੇਰੀ ਦੁਚਿੱਤੀ ਬਿਲਕੁਲ ਹੀ ਮੁਕਾ ਦਿੱਤੀ, ਜਦੋਂ ਉਸ ਨੇ ਮੈਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ, "ਤੂੰ ਆਪਣਾ ਕੰਮ ਸ਼ੁਰੂ ਕਰ, ਪੈਸੇ ਬਾਅਦ ਵਿਚ ਆਉਂਦੇ ਰਹਿਣਗੇ।" ਚੈਨਲ ਦੇ ਰਸਮੀ ਤੌਰ 'ਤੇ ਸ਼ੁਰੂ ਹੋਣ ਤੋਂ ਪਹਿਲਾਂ, ਮੈਂ ਨਾਵਲ ਦੇ ਲੇਖਕ ਬਲਬੀਰ ਪਰਵਾਨਾ ਨੂੰ ਫੋਨ ਕਰਕੇ ਉਹਨਾਂ ਦਾ ਧੰਨਵਾਦ ਕੀਤਾ।"

ਪਹਿਲੀ ਅਕਤੂਬਰ 2025 ਤੋਂ ਉਸ ਨੇ ਆਪਣਾ ਯੂ-ਟਿਊਬ ਚੈਨਲ 'ਨਵੀਂ ਤਾਜ਼ੀ' (NAVIN TAAZI) ਸ਼ੁਰੂ ਕੀਤਾ। ਇਸ ਤੋਂ ਇਕ ਦਿਨ ਪਹਿਲਾਂ 30 ਸਤੰਬਰ ਨੂੰ ਉਸ ਨੇ ਇਸ ਦੇ ਉਦਘਾਟਨ ਮੌਕੇ, ਆਪਣਾ ਇਹ ਚੈਨਲ ਸ਼ੁਰੂ ਕਰਨ ਦਾ ਉਦੇਸ਼, ਇਸ ਦੀ ਫੋਕਸਿੰਗ, ਕੈਨੇਡਾ ਤੇ ਪੰਜਾਬ ਵਿਚਲੇ ਸਨੇਹੀਆਂ ਦਾ ਜ਼ਿਕਰ ਕੀਤਾ, ਉਥੇ ਨਾਵਲ 'ਰੌਲ਼ਿਆਂ ਵੇਲੇ' ਬਾਰੇ ਵੀ ਚਰਚਾ ਕੀਤੀ। ਇਹ ਵੀ ਹੂਬਹੂ ਉਹਨਾਂ ਹੀ ਲਫਜ਼ਾਂ ਵਿਚ:

"ਪਿੱਛੇ ਜਿਹੇ ਢਾਹਾਂ ਪ੍ਰਾਈਜ਼ ਵਾਲਿਆਂ ਨੇ ਬਲਬੀਰ ਪਰਵਾਨਾ ਨੂੰ ਜਿਹੜਾ ਫਾਇਨਿਸਟਾਂ ਦੀ ਸੂਚੀ ਵਿਚ ਸ਼ਾਮਲ ਕੀਤਾ, ਉਹਨਾਂ ਦਾ ਇਕ ਨਾਵਲ ਆਇਆ 'ਰੌਲ਼ਿਆਂ ਵੇਲੇ'... ਦੇਸ਼ ਦੀ ਵੰਡ ਵੇਲੇ ਦੇ ਫ਼ਿਰਕੂ ਦੰਗਿਆਂ ਬਾਰੇ ਦਿਲ ਨੂੰ ਟੁੰਬ ਲੈਣ ਵਾਲਾ ਨਾਵਲ ਐ। ਉਹਨਾਂ ਨੇ ਇਸ ਨਾਵਲ ਵਿਚ ਜਿਸ ਵਿਅਕਤੀ ਨੂੰ ਕਹਾਣੀ ਵਿਚ ਸ਼ਾਮਲ ਕੀਤਾ, ਉਸ ਦਾ ਨਾਂਅ ਵੀ ਗੁਰਪ੍ਰੀਤ ਐ, ਜਿਹੜਾ ਇਕ ਕਾਲਪਨਿਕ ਪਾਤਰ ਐ, ਯੂ-ਟਿਊਬਰ ਐ। ਉਸ ਵਿਚ ਜਜ਼ਬਾ ਐ ਕਿ ਮੈਂ ਯੂ-ਟਿਊਬ ਰਾਹੀਂ ਦੇਸ਼ ਵੰਡ ਦਾ ਸ਼ਿਕਾਰ ਹੋਏ ਪਰਵਾਰਾਂ ਦੀਆਂ ਪੈੜਾਂ ਲੱਭ ਕੇ, ਉਹਨਾਂ ਦੀਆਂ ਕਹਾਣੀਆਂ ਯੂ-ਟਿਊਬ ਰਾਹੀਂ ਲੋਕਾਂ ਸਾਹਮਣੇ ਰੱਖਾਂ, ਉਹਨਾਂ ਨੂੰ ਕਲਮਬੰਦ ਕਰਾਂ, ਡਾਕੂਮੈਂਟ ਕਰਾਂ। ਉਸ ਦੇ ਮਨ 'ਚ ਜਨੂੰਨ ਚੜ੍ਹਿਆ ਹੋਇਆ ਹੈ। ਉਸ ਨੂੰ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਪੈਸਾ ਕਿਥੋਂ ਆਏਗਾ? ਕਿਵੇਂ ਆਵੇਗਾ? ਨਾਲ ਦੀ ਨਾਲ ਜਦੋਂ ਉਸ ਨੂੰ ਪੇਸ਼ਕਸ਼ ਕੀਤੀ ਜਾਂਦੀ ਹੈ ਕਿ ਤੂੰ ਵਿਆਹ-ਸ਼ਾਦੀਆਂ ਦੇ ਪ੍ਰੋਗਰਾਮ ਵੀ ਰਿਕਾਰਡ ਕਰ, ਤੈਨੂੰ ਅਸੀਂ ਪੈਸੇ ਦੇਵਾਂਗੇ ਤਾਂ ਉਹ ਇਸ ਗੱਲ ਤੋਂ ਇਨਕਾਰ ਕਰ ਦਿੰਦਾ। ਜਦੋਂ ਮੈਂ ਇਹ ਕਹਾਣੀ ਪੜ੍ਹੀ ਤਾਂ ਮੈਨੂੰ ਬੜਾ ਆਪਣੇ ਵਰਗਾ ਜਾਪਿਆ। ਸਬੱਬ ਨਾਲ ਮੇਰਾ ਨਾਂਅ ਵੀ ਗੁਰਪ੍ਰੀਤ ਐ। ਉਦੋਂ ਮੇਰੇ ਮਨ 'ਚ ਆਇਆ, ਮੈਂ ਯੂ-ਟਿਊਬ ਚੈਨਲ ਸ਼ੁਰੂ ਕਰਨਾ ਹੀ ਕਰਨਾ ਏ! ਬਲਬੀਰ ਪਰਵਾਨਾ ਦੀ ਇਸ ਕਹਾਣੀ ਨੇ ਇਸ ਤਰ੍ਹਾਂ ਮੇਰੇ ਅੰਦਰ ਇਕ ਨਵੀਂ ਊਰਜਾ ਪੈਦਾ ਕੀਤੀ, ਇਸ ਲਈ ਮੈਂ ਉਹਨਾਂ ਦਾ ਵੀ ਧੰਨਵਾਦ ਕਰਨਾ ਚਾਹੁੰਨੈ।"

ਹਰ ਲੇਖਕ ਹੀ, ਜਦੋਂ ਕੋਈ ਰਚਨਾ ਕਰਦਾ, ਕੋਈ ਕਹਾਣੀ ਬੁਣਦਾ ਤਾਂ ਉਸ ਕਹਾਣੀ ਪਿੱਛੇ ਉਸਦਾ ਚਿੰਤਨ ਵੀ ਹੁੰਦਾ ਹੈ। ਇਹ ਚਿੰਤਨ ਅਕਸਰ ਉਸ ਕਹਾਣੀ ਦੀ ਘਾੜਤ ਦੇ ਪਿੱਛੇ ਲੁਕਿਆ ਹੁੰਦਾ। ਤੇ ਜਦੋਂ ਕੋਈ ਪਾਠਕ ਇਸ ਛੁਪੇ ਚਿੰਤਨ ਤੱਕ ਪਹੁੰਚ ਜਾਂਦਾ ਜਾਂ ਕਿਸੇ ਲਈ ਇਹ ਮਾਮੂਲੀ ਪ੍ਰੇਰਨਾ ਵੀ ਬਣਦਾ ਤਾਂ ਇਹ ਲੇਖਕ ਲਈ ਬਹੁਤ ਵੱਡੀ ਖ਼ੁਸ਼ੀ ਹੁੰਦੀ ਹੈ ਕਿ ਉਸਦੀ ਅੰਤਰ-ਆਤਮਾ ਨੂੰ ਸਮਝ ਲਿਆ ਗਿਆ। ਮੈਨੂੰ ਲਗਦਾ, ਇਸ ਲਿਖਤ ਦੀ ਇਸ ਤੋਂ ਵੱਡੀ ਸਫ਼ਲਤਾ ਜਾਂ ਹੁੰਗਾਰਾ ਹੋਰ ਕੀ ਹੋ ਸਕਦਾ ਹੈ!

## ਰੌਲ਼ਿਆਂ ਵੇਲੇ : ਸਿਰਜਣਾ ਦੇ ਕੁੱਝ ਪਹਿਲੂ

'ਰੌਲ਼ਿਆਂ ਵੇਲੇ' ਪੰਜਾਬ ਦੀ ਉਸ ਮਹਾਂ ਤ੍ਰਾਸਦੀ ਬਾਰੇ ਹੈ, ਜਿਸ ਵਿਚ ਅੱਸੀ ਲੱਖ ਤੋਂ ਇਕ ਕਰੋੜ ਤੱਕ ਪੰਜਾਬੀਆਂ ਦਾ ਉਜਾੜਾ ਹੋਇਆ। ਮੁਸਲਮਾਨ ਇੱਧਰੋਂ ਗਏ ਤੇ ਹਿੰਦੂ-ਸਿੱਖ ਉਧਰੋਂ ਆਏ। ਦਸ ਲੱਖ ਦੇ ਕਰੀਬ ਕਤਲ ਤੇ ਇਕ ਲੱਖ ਦੇ ਲੱਗਭੱਗ ਔਰਤਾਂ ਉਧਾਲੀਆਂ ਗਈਆਂ। ਲੱਖਾਂ ਬੱਚੇ ਯਤੀਮ। ਇਧਰੋਂ ਉੱਜੜ ਕੇ ਗਏ ਮੁਸਲਮਾਨਾਂ ਨੂੰ ਜਾਣ ਲੱਗਿਆਂ ਇਧਰਲੇ ਧਾੜਵੀਆਂ ਨੇ ਲੁੱਟਿਆ ਤੇ ਉਧਰੋਂ ਆਏ ਹਿੰਦੂ-ਸਿੱਖਾਂ ਨੂੰ ਉਧਰਲੇ ਧਾੜਵੀਆਂ। ਸੰਤਾਲੀ ਦੇ ਫਰਵਰੀ-ਮਾਰਚ ਤੋਂ ਲੈ ਕੇ ਸਾਲ ਦੇ ਅਖ਼ੀਰ ਤੱਕ ਇਹ ਨੌਂ-ਦਸ ਮਹੀਨਿਆਂ ਦਾ ਸਮਾਂ ਅਜਿਹਾ ਸੀ, ਜਦੋਂ ਇਸ ਖਿੱਤੇ 'ਚ ਸੱਤਾ, ਪ੍ਰਸ਼ਾਸਨ ਦੀ ਹੋਂਦ ਨਹੀਂ



ਬਲਬੀਰ ਪਰਵਾਨਾ ਪੱਤਰਕਾਰ ਗੁਰਪ੍ਰੀਤ ਨਾਲ

ਰੜਕਦੀ। ਧਾੜਵੀ ਤੇ ਜਨੂੰਨੀ ਟੋਲਿਆਂ ਦਾ ਰਾਜ ਰਿਹਾ। ਇਸ ਦੌਰ ਨੂੰ ਪੰਜਾਬੀ ਅਵਚੇਤਨ ਵਿਚ ਅਜੇ ਵੀ 'ਰੌਲ਼ਿਆਂ ਵੇਲੇ', 'ਹਰਜੱਲੇ', 'ਲੁੱਟ ਵੇਲਾ', 'ਉਜਾੜੇ' ਜਿਹੇ ਨਾਵਾਂ ਨਾਲ ਯਾਦ ਕੀਤਾ ਜਾਂਦਾ; ਅਜਿਹਾ ਵੇਲਾ ਜਦੋਂ ਭੀੜਾਂ ਬੇਮੁਹਾਰ ਹੋ ਫੈਸਲੇ ਕਰ ਰਹੀਆਂ ਸਨ। ਭੀੜਾਂ ਦਾ ਤਰਕ ਹੀ ਕਾਨੂੰਨ ਬਣ ਕੇ ਉੱਭਰ ਰਿਹਾ ਸੀ ਤੇ ਇਹਨਾਂ ਨੂੰ ਦੋਹੀਂ ਪਾਸੀਂ ਕਾਫ਼ੀ ਹੱਦ ਤੱਕ ਸੱਤਾ ਦੀ ਸਰਪ੍ਰਸਤੀ ਹਾਸਲ ਸੀ।

ਇਸ ਤ੍ਰਾਸਦੀ ਨੂੰ ਸਮਝੇ ਬਿਨਾਂ ਪੰਜਾਬੀ ਅਵਚੇਤਨ ਨੂੰ ਸਮਝਿਆ ਨਹੀਂ ਜਾ ਸਕਦਾ। ਮੇਰਾ ਜਨਮ ਸੰਤਾਲੀ ਤੋਂ ਬਾਅਦ (1955) ਦਾ ਹੈ। ਹੋਸ਼ ਸੰਭਾਲੀ ਤਾਂ ਉਜਾੜੇ ਵੇਲੇ ਦੀਆਂ ਗੱਲਾਂ ਘਰ, ਪਿੰਡ 'ਚ ਹੁੰਦੀਆਂ ਸੁਣੀਆਂ, ਜਦੋਂ ਜਥੇ ਬਣਾ ਕੇ ਲੋਕ ਮੁਸਲਮਾਨਾਂ ਦੀ ਮਾਰ-ਵੱਢ ਕਰਨ, ਲੁੱਟਣ ਲਈ ਜਾਂਦੇ ਸੀ। ਸਾਡੇ ਪਿੰਡ 'ਚ ਵੀ ਮੁਸਲਮਾਨ ਤਾਂ ਸੀ, ਪਰ ਸਾਰੇ ਕੰਮੀ-ਕਮੀਣ। ਉਹਨਾਂ ਨੂੰ ਲੋਕ ਆਪ ਮੁਸਾਹਬਪੁਰ ਕੈਂਪ 'ਚ ਛੱਡ ਕੇ ਆਏ। ਇਲਾਕੇ 'ਚ ਅਵਾਣ, ਡੋਗਰ, ਗੁੱਜਰ, ਅਰਾਈਂ, ਨਾਰੂ ਰਾਜਪੂਤਾਂ ਦੇ ਕੁਝ ਬੜੇ ਧੜੱਲੇ ਵਾਲੇ ਪਿੰਡ ਸਨ। ਮੁਸਲਮਾਨਾਂ ਦੀ ਕੀਤੀ ਮਾਰ-ਵੱਢ ਦੀਆਂ ਗੱਲਾਂ ਉਦੋਂ ਮੈਨੂੰ ਬਹਾਦਰੀ ਦੀਆਂ ਗੱਲਾਂ ਲਗਦੀਆਂ। ਵੱਡਾ ਹੋ ਕੇ ਸਾਹਿਤ ਨਾਲ ਜੁੜਿਆ ਤਾਂ ਇਸ ਤ੍ਰਾਸਦੀ ਨੂੰ ਵਧੇਰੇ ਜਾਣਨ ਲਈ ਪੜ੍ਹਨ ਲੱਗਾ। ਜਿਉਂ-ਜਿਉਂ ਅਧਿਐਨ 'ਚ ਡੂੰਘਾ ਉਤਰਦਾ ਗਿਆ, ਇਸ ਤ੍ਰਾਸਦੀ ਦੀਆਂ ਲੇਅਰ ਸਮਝ ਆਉਣ ਲੱਗੀਆਂ। ਇਸੇ ਬੇਚੈਨੀ ਨੇ ਇਸ ਨਾਵਲ ਨੂੰ ਜਨਮ ਦਿੱਤਾ।

ਸਾਡੇ ਪਰਵਾਰ ਨੇ ਇਹ ਦੁਖਾਂਤ ਨਹੀਂ ਹੰਢਾਇਆ, ਨਾ ਨੇੜਲੀ ਰਿਸ਼ਤੇਦਾਰੀ 'ਚੋਂ ਕੋਈ ਉਧਰੋਂ ਉੱਜੜ ਕੇ ਆਇਆ ਹੋਇਆ। ਅਸੀਂ ਇਧਰ ਦੇ ਜੱਦੀ-ਪੁਸ਼ਤੀ ਵਸ਼ਿੰਦੇ ਹਾਂ, ਪਰ ਮੈਨੂੰ ਲਗਦਾ, ਕਹਿਰ ਕਿਤੇ ਵੀ ਵਾਪਰੇ, ਹਰ ਸੰਵੇਦਨਸ਼ੀਲ ਬੰਦਾ ਇਸ ਨਾਲ ਝੁਣਿਆ ਜਾਂਦਾ! ਦਰਦ ਦੀਆਂ ਤੰਦਾਂ ਉਸ ਨੂੰ ਵਲੇਟ ਲੈਂਦੀਆਂ। ਜ਼ਰਾ ਸੋਚ ਕੇ ਦੇਖੋ, ਨੌਂ-ਦਸ ਮਹੀਨਿਆਂ 'ਚ ਇਕ ਕਰੋੜ ਲੋਕਾਂ ਦੀ ਹਿਜਰਤ। ਸੱਤ-ਅੱਠ ਸਾਲ ਦੇ ਬੱਚਿਆਂ ਤੋਂ ਲੈ ਕੇ ਅੱਸੀ-ਨੱਬੇ ਸਾਲ ਦੇ ਬਜ਼ੁਰਗਾਂ ਤੱਕ। ਕਈ-ਕਈ ਦਿਨ ਤੁਰ ਕੇ ਨਵੇਂ ਥਾਂ ਪੁੱਜਣਾ। ਕਿਤੇ ਦੋ-ਦੋ, ਤਿੰਨ-ਤਿੰਨ ਮਹੀਨੇ ਕੈਂਪਾਂ 'ਚ ਰੁਲਦੇ ਰਹੇ, ਜਿੱਥੇ ਨਾ ਖਾਣ ਲਈ ਰੋਟੀ ਸੀ, ਨਾ ਪਾਣੀ ਦੀ ਘੁੱਟ। ਉਪਰੋਂ ਹਰ ਪਲ ਧਾੜਵੀਆਂ ਦੇ ਆ ਪੈਣ ਦਾ ਖ਼ਤਰਾ। ਮਾਪਿਆਂ ਦੇ ਸਾਹਮਣੇ ਉਹਨਾਂ ਦੀਆਂ ਜੁਆਨ ਧੀਆਂ, ਨੂੰਹਾਂ ਖੋਹੀਆਂ ਗਈਆਂ। ਪੰਜਾਬੀ ਕੌਮ ਵਜੋਂ ਸੋਚੀਏ ਤਾਂ ਇਹ ਮਹਾਂ-ਦੁਖਾਂਤ ਹੈ। ਜਿਨ੍ਹਾਂ ਨੇ ਇਹ ਉਜਾੜਾ ਜਰਿਆ, ਇਸ ਨੂੰ ਯਾਦ ਕਰ ਹੁਣ ਵੀ ਕੰਬ ਉੱਠਦੇ ਹਨ। ਇਹ ਅਹਿਸਾਸ ਮੇਰੇ ਲਿਖਣ ਦੀ ਪ੍ਰੇਰਨਾ ਬਣੇ।

ਨਾਵਲ 'ਚ ਤੁਸੀਂ ਕਿਸੇ ਵਰਤਾਰੇ ਦੇ ਬਹੁ-ਪਾਸਾਰ ਫੜ ਸਕਦੇ ਹੋ। ਇਸ ਮਹਾਂ-ਤ੍ਰਾਸਦੀ ਦੇ ਤਾਂ ਅਨੇਕਾਂ ਪਾਸਾਰ ਹਨ-ਸਮਾਜਿਕ, ਆਰਥਿਕ, ਰਾਜਨੀਤਕ, ਸੱਭਿਆਚਾਰਕ। ਫਿਰ ਇਹ ਵੀ ਕਿ ਸੱਤਾ ਦੀ ਕੀ ਭੂਮਿਕਾ ਰਹੀ? ਕੀ ਇਹ ਲੋਕਾਂ ਦਾ ਆਪ-ਮੁਹਾਰੇ ਫੁੱਟਿਆ ਜਨੂੰਨ ਸੀ ਜਾਂ ਸੱਤਾ ਦੀ ਸਾਜ਼ਿਸ਼, ਜਿਸ 'ਤੇ ਪਰਦਾ ਪਾਉਣ ਲਈ ਧਰਮ ਨੂੰ ਵਰਤਿਆ ਗਿਆ। ਬਹੁਤ ਸਾਰੀਆਂ ਗੱਲਾਂ ਸੀ ਮਨ 'ਚ। ਮੈਨੂੰ ਖ਼ੁਸ਼ੀ ਹੈ ਕਿ ਬਹੁਤ ਸਾਰੀਆਂ ਗੱਲਾਂ ਕਰ ਸਕਿਆ, ਜਿਹੜੀਆਂ ਇਸ ਤੋਂ ਪਹਿਲਾਂ ਗਲਪ 'ਚ ਨਹੀਂ ਸੀ ਹੋਈਆਂ। ਖ਼ਾਸ ਕਰਕੇ ਉਧਰੋਂ ਕੁਝ ਥਾਵੀਂ ਹਿੰਦੂ-ਸਿੱਖਾਂ ਨੂੰ ਉਜਾੜਨ 'ਚ ਬਲੋਚ ਮਿਲਟਰੀ ਦੀ ਧਾੜਵੀਆਂ ਨੂੰ ਮਦਦ ਤੇ ਇਧਰ ਮੁਸਲਮਾਨਾਂ ਨੂੰ ਉਜਾੜਨ 'ਚ ਰਿਆਸਤ ਪਟਿਆਲਾ ਦੀ ਫੌਜ ਦੀ। ਹਰ ਲਾਇਨ ਲਿਖਦਿਆਂ ਚੁਣੌਤੀ ਬਣਦੀ ਰਹੀ; ਜਿਹੜੀ ਲਾਇਨ ਲਿਖ ਰਿਹਾ ਹਾਂ, ਉਹ ਸਹੀ ਵੀ ਹੈ ਕਿ ਨਹੀਂ! ਨਾਵਲ ਦੇ ਅਖ਼ੀਰ 'ਚ ਢਾਈ ਦਰਜਨ ਪੁਸਤਕਾਂ ਦੀ ਸੂਚੀ ਹੈ, ਜਿਹੜੀਆਂ ਮੈਂ ਇਸ ਉਜਾੜੇ ਦੇ ਸਮਾਜਿਕ, ਆਰਥਿਕ, ਸੱਭਿਆਚਾਰਕ ਪੱਖਾਂ ਨੂੰ ਸਮਝਣ ਲਈ ਪੜ੍ਹੀਆਂ। ਲੱਗਭੱਗ ਦੋ, ਢਾਈ ਸਾਲ ਮੇਰਾ ਇਹ ਰੂਟੀਨ ਰਿਹਾ। ਦਿਨ ਦਾ ਪਹਿਲਾ ਹਿੱਸਾ, ਡੇਢ ਕੁ ਵਜੇ ਤੱਕ ਮੈਂ ਇਹ ਪੜ੍ਹਦਾ ਤੇ ਸ਼ਾਮ ਨੂੰ ਯੂ-ਟਿਊਬ ਚੈਨਲਾਂ ਤੋਂ ਉਹਨਾਂ ਲੋਕਾਂ ਦੀ ਗੱਲਬਾਤ ਸੁਣਦਾ, ਜਿਨ੍ਹਾਂ ਨੇ ਇਹ ਦਰਦ ਆਪਣੇ ਪਿੰਡੇ 'ਤੇ ਹੰਢਾਇਆ ਸੀ। ਸਾਂਵਲ ਧਾਮੀ, ਸੁਖਵਿੰਦਰ ਸਿੰਘ ਗਿੱਲ, ਹਰਸ਼ ਮਹਿਤਾ, ਸੁੱਖੀ ਮਘਾਣੀਆਂ ਸਮੇਤ ਅਨੇਕਾਂ ਯੂ-ਟਿਊਬਰ ਇਧਰ ਇਹ ਕੰਮ ਕਰ ਰਹੇ ਹਨ ਤੇ ਉਧਰਲੇ ਪੰਜਾਬ 'ਚ ਨਾਸਰ ਢਿੱਲੋਂ ਸਮੇਤ ਹੋਰ ਵੀ ਬਹੁਤ ਸਾਰੇ। ਇਹ ਕਾਫ਼ਲੇ ਜਿੱਥੋਂ ਦੀ ਲੰਘਦੇ ਰਹੇ ਤੇ ਜਿੱਥੇ ਕੈਂਪ ਲੱਗਦੇ ਰਹੇ, ਉਹਨਾਂ ਥਾਵਾਂ ਨੂੰ ਵੀ ਜਾ ਕੇ ਦੇਖਿਆ। ਮੁਕੇਰੀਆਂ, ਦਸੂਹਾ, ਟਾਂਡਾ ਉੜਮੜ, ਢੱਡਾ-ਸਨੌਰਾ, ਅਲਾਵਲਪੁਰ, ਕਰਤਾਰਪੁਰ, ਹਮੀਰਾ, ਬਿਆਸ, ਰਈਆ... ਇਹ ਸਭ ਥਾਵਾਂ ਦੇਖੀਆਂ ਕੈਂਪਾਂ ਵਾਲੀਆਂ। ਬਿਆਸ ਤੋਂ ਪਹਿਲਾਂ ਗੁਡਾਣੇ ਕੋਲ ਰੁਕਿਆ ਕਾਫ਼ਲਾ ਬਿਆਸ 'ਚ ਆਏ ਹੜ੍ਹ ਨਾਲ ਲੱਗਭੱਗ ਸਾਰਾ ਹੀ ਰੁੜ੍ਹ ਗਿਆ ਸੀ। ਇਸ ਨੂੰ ਸਮਝਣ ਲਈ ਦੋ ਵਾਰ ਉਥੇ ਗਿਆ।

ਇਹ ਨਾਵਲ ਲਿਖਦਿਆਂ ਕੁਝ ਗੱਲਾਂ ਪ੍ਰਤੀ ਬੇਹੱਦ ਸੁਚੇਤ ਸੀ। ਪਹਿਲੀ ਤਾਂ ਇਹ ਕਿ; ਜਦੋਂ ਪੌਣੀ ਸਦੀ ਬਾਅਦ ਇਸ ਵਿਸ਼ੇ ਬਾਰੇ ਲਿਖਣਾ ਹੈ ਤਾਂ ਮੇਰੇ ਕੋਲ ਕਹਿਣ ਵਾਲੀ ਕਿਹੜੀ ਨਵੀਂ ਗੱਲ ਹੈ। ਇਸ ਵਿਸ਼ੇ 'ਤੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਜਾ ਚੁੱਕਾ; ਕੁਝ ਤਾਂ ਸ਼ਾਹਕਾਰ ਰਚਨਾਵਾਂ ਵੀ ਜਿਵੇਂ ਅੰਮ੍ਰਿਤਾ ਦਾ 'ਪਿੰਜਰ', ਖ਼ੁਸ਼ਵੰਤ ਸਿੰਘ ਦੀ 'ਟਰੇਨ ਟੂ ਪਾਕਿਸਤਾਨ'; ਭੀਸ਼ਮ ਸਾਹਨੀ ਦੇ 'ਤਮਸ਼' ਵਰਗੇ ਨਾਵਲ ਤੇ ਅਨੇਕਾਂ ਕਹਾਣੀਆਂ। ਮੇਰੇ ਸਾਹਮਣੇ ਪਿਛਲੇ ਸੱਤ ਦਹਾਕਿਆਂ ਦੌਰਾਨ ਉੱਭਰ ਕੇ ਆਏ ਕੁਝ ਨਵੇਂ ਤੱਥ ਵੀ ਸਨ, ਜਿਨ੍ਹਾਂ ਵਿਚ ਰਾਜਨੀਤਕ ਆਗੂਆਂ ਤੇ ਸੱਤਾ ਦੀ ਭੂਮਿਕਾ 'ਤੇ ਸੁਆਲ ਉਠਾਏ ਗਏ। ਮੈਂ ਇਨ੍ਹਾਂ ਸੁਆਲਾਂ ਨੂੰ ਵੱਧ ਰੂਬਰੂ ਹੋਇਆ ਹਾਂ। ਪਾਕਿਸਤਾਨ ਤੋਂ ਆਉਂਦੇ ਕਾਫ਼ਲਿਆਂ ਦੇ ਰਾਹਾਂ ਨੂੰ ਸਮਝਣ ਲਈ ਗੂਗਲ-ਮੈਪ ਦੀ ਸਹਾਇਤਾ ਲਈ। ਆਪਣੀ ਪਹਿਲੀ ਕਿਸੇ ਰਚਨਾ ਲਈ ਮੈਨੂੰ ਇੰਨੀ ਮਿਹਨਤ ਨਹੀਂ ਕਰਨੀ ਪਈ। ਗਲਪੀ-ਕਿਰਤ 'ਚ ਤੁਸੀਂ ਘਟਨਾਵਾਂ ਨੂੰ ਮਨਮਰਜ਼ੀ ਨਾਲ ਤੋੜ-ਮਰੋੜ ਸਕਦੇ ਹੋ; ਪਰ ਜੇ ਉਹ ਕਿਸੇ ਇਤਿਹਾਸਕ ਦੌਰ ਦੇ ਇਤਿਹਾਸਕ ਵਰਤਾਰੇ ਬਾਰੇ ਹੋਣ ਤਾਂ ਹਰ ਲਾਇਨ ਲਿਖਦਿਆਂ ਸੁਚੇਤ ਰਹਿਣਾ ਪੈਂਦਾ; ਉਹ ਵਰਤਾਰੇ ਦੇ ਸਹੀ-ਪਰਿਪੇਖ 'ਚ ਪੇਸ਼ ਹੋ ਰਹੀ ਹੋਵੇ!

ਇਤਿਹਾਸ ਸਿਰਫ ਬੀਤ ਗਿਆ 'ਅਤੀਤ' ਹੀ ਨਹੀਂ ਹੁੰਦਾ। ਇਹ ਠੀਕ ਹੈ, ਉਹ ਬੀਤ ਚੁੱਕਾ; ਪਰ ਇੰਜ ਹੋਇਆ ਕਿਉਂ? ਇਹ ਇਸ ਦੀ ਸਮਕਾਲੀ ਪ੍ਰਸੰਗਿਕਤਾ ਹੁੰਦੀ ਹੈ। ਮਾਨਸਿਕਤਾ ਦੀ ਉਸ ਜੜ੍ਹ ਨੂੰ ਫੜਨਾ, ਜਿਹੜੀ ਵਰਤਾਰੇ ਦਾ ਆਧਾਰ ਬਣੀ। ਬਟਵਾਰੇ ਦੀਆਂ ਜੜ੍ਹਾਂ ਮੈਂ ਅੰਗਰੇਜ਼ਾਂ ਦੇ ਆਉਣ ਤੱਕ ਲੈ ਕੇ ਗਿਆ ਹਾਂ, ਜਦੋਂ ਉਹਨਾਂ ਨੇ ਉੱਨੀਵੀਂ ਸਦੀ ਦੀ ਆਖ਼ਰੀ ਚੌਥਾਈ 'ਚ ਜ਼ਮੀਨੀ-ਸੈਟਲਮੈਂਟ ਰਾਹੀਂ ਨਿੱਜੀ-ਮਾਲਕੀ ਨੂੰ ਪੱਕਿਆਂ ਕੀਤਾ। ਵੀਹਵੀਂ ਸਦੀ ਦੇ ਸ਼ੁਰੂ 'ਚ ਬਾਰਾਂ ਵਸਾ ਕੇ ਖੇਤੀ ਨੂੰ ਮੰਡੀ ਨਾਲ ਜੋੜਿਆ। ਉਹਨਾਂ ਬਾਰਾਂ ਵਾਲੇ ਥਾਂ ਜਿਹੜੇ ਜਾਂਗਲੀ ਕਬੀਲੇ ਵਸਦੇ ਸਨ, ਉਹਨਾਂ ਦਾ ਜਬਰੀ ਉਜਾੜਾ ਹੋਇਆ। ਜਾਂਗਲੀਆਂ ਲਈ ਤਾਂ ਇਹ 'ਰੌਲ਼ਿਆਂ ਵੇਲਾ' ਹੀ ਸੀ! ਇਸ ਨੂੰ ਸਮਕਾਲ 'ਚ ਪੰਜਾਬ ਦੇ ਪ੍ਰਵਾਸ ਦੇ ਰੁਝਾਨ ਨਾਲ ਵੀ ਜੋੜਿਆ। ਸਵੈਇੱਛਾ ਨਾਲ ਬਾਹਰ ਜਾਣ ਲਈ ਬੇਤਾਬ ਨੌਜੁਆਨ ਪੀੜ੍ਹੀ ਕਿਸੇ ਵੀ ਹੀਲੇ-ਵਸੀਲੇ। ਬਹੁਤ ਸਾਰੇ ਸੁਆਲ ਉਠਾਏ ਹਨ ਇਸ ਵਿਚ। ਰੌਲ਼ਿਆਂ ਵੇਲਾ ਉਹ ਵੀ ਸੀ, ਰੌਲ਼ਿਆਂ ਵੇਲਾ ਅੱਜ ਵੀ ਹੈ; ਜਦੋਂ ਪੰਜਾਬੀ ਬੰਦੇ ਦੀਆਂ ਜੜ੍ਹਾਂ ਆਪਣੀ ਧਰਤੀ ਨਾਲੋਂ ਸਵੈ-ਇੱਛਾ ਨਾਲ ਟੁੱਟ ਕੇ ਕੈਨੇਡਾ, ਅਮਰੀਕਾ ਜਾਂ ਯੂਰਪੀ ਮੁਲਕਾਂ ਵਿਚ ਵੱਸਣ ਲਈ ਬੇਚੈਨ ਹਨ।

ਇਸ ਦਾ ਮੁੱਖ ਨਾਇਕ ਗੁਰਪ੍ਰੀਤ ਯੂ-ਟਿਊਬਰ ਹੈ, ਜਿਹੜਾ ਸੰਤਾਲੀ ਬਾਰੇ ਉਨ੍ਹਾਂ ਲੋਕਾਂ ਨਾਲ ਮੁਲਾਕਾਤਾਂ ਕਰਦਾ ਜਿਹਨਾਂ ਉਜਾੜਾ ਝੱਲਿਆ। ਇਸ ਦਾ ਖ਼ਿਆਲ ਮੈਨੂੰ ਸਾਂਵਲ ਧਾਮੀ, ਸੁਖਵਿੰਦਰ ਸਿੰਘ ਗਿੱਲ, ਨਾਸਰ ਢਿੱਲੋਂ ਦੀਆਂ ਵੀਡੀਓ ਦੇਖਦਿਆਂ ਆਇਆ। ਮੇਰੇ ਆਪਣੇ ਬੇਟੇ ਸਹਿਜ ਦਾ ਪੈਸ਼ਨ ਫੋਟੋਗ੍ਰਾਫੀ ਹੈ। ਕੁਝ ਸਾਲ ਪਹਿਲਾਂ ਉਸ ਨੇ ਸਾਨੂੰ ਕੈਨੇਡਾ ਸੱਦਿਆ ਤੇ ਕਈ ਇਲਾਕੇ ਘੁੰਮਾਏ, ਖ਼ਾਸ ਕਰਕੇ ਕੈਲਗਰੀ ਨੇੜੇ ਵੈਂਫ, ਕੈਨਮੋਰ। ਜੋ ਦੇਖਿਆ, ਉਹ ਨਾਵਲ ਦੇ ਪਿਛਲੇ ਅੱਧ ਵਿਚ ਨਾਇਕਾ ਆਬਿਦਾ ਦੇ ਹਵਾਲੇ ਨਾਲ ਆਇਆ। ਇੱਥੇ ਮੈਂ ਅਜੋਕੇ ਵਿਕਾਸ ਮਾਡਲ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਕਿ ਕੁਦਰਤ ਨੂੰ ਕਿਵੇਂ ਪੂੰਜੀ 'ਚ ਬਦਲਿਆ ਜਾ ਰਿਹਾ; ਤੇ ਇਹ ਲੁੱਟ-ਖਸੁੱਟ ਦਾ ਤੰਤਰ ਹੀ ਸਭ ਪੁਆੜਿਆਂ ਦੀ ਜੜ੍ਹ ਬਣਦਾ ਹੈ।

ਇਸ ਦੇ ਸਾਰੇ ਪਾਤਰ ਦੁਖਾਂਤ ਦੀ ਕਿਸੇ ਇਕ ਜਾਂ ਦੂਸਰੀ ਪਰਤ ਨੂੰ ਅਗਾਂਹ ਵਧਾਉਂਦੇ ਹਨ, ਉਸ ਦੀ ਪ੍ਰਤੀਨਿਧਤਾ ਕਰਦੇ। ਇਸ ਦੁਖਾਂਤ ਨੂੰ ਪੇਸ਼ ਕਰਨ ਲਈ, ਉਨ੍ਹਾਂ ਦੀ ਹੋਣੀ ਇੰਜ ਹੀ ਘੜਨੀ ਪੈਣੀ ਸੀ। ਇਕ ਮਹੱਤਵਪੂਰਨ ਪਾਤਰ ਹੈ ਹਰਨਾਮ ਸਿੰਘ ਬਾਜਵਾ, ਜਿਹੜਾ ਬਾਰ 'ਚੋਂ ਆਇਆ ਹੋਇਆ। ਉਸ ਨੂੰ ਇਸ ਲਈ ਮਾਰਨਾ ਪਿਆ, ਕਹਾਣੀ 'ਚ ਉਹਦੀ ਹੋਰ ਪ੍ਰਸੰਗਿਕਤਾ ਨਹੀਂ ਸੀ ਰਹਿ ਗਈ। ਉਸ ਨੂੰ ਮਾਰ ਕੇ ਹੀ ਲੜੀ ਅਗਾਂਹ ਤੁਰ ਸਕਦੀ ਸੀ। ਸ਼ੁਰੂ 'ਚ ਇਕ ਕੁੜੀ ਆਉਂਦੀ ਹੈ 'ਸ੍ਰਿਸ਼ਟੀ'। ਪਹਿਲਾਂ ਗੁਰਪ੍ਰੀਤ ਨਾਲ ਉਸ ਦੀ ਨੇੜਤਾ ਦੀ ਰੂਪ-ਰੇਖਾ ਸੀ, ਪਰ ਛੇਤੀ ਹੀ ਅਹਿਸਾਸ ਹੋ ਗਿਆ, ਇਸ ਨਾਲ ਨਾਵਲ ਦਾ ਮੰਤਵ ਅੱਗੇ ਨਹੀਂ ਵਧਣਾ। ਫਿਰ ਸੰਜਨਾ ਆਈ, ਪਰ ਲੱਗਿਆ, ਇਸ ਆਸਰੇ ਵੀ ਪਲਾਟ ਅਗਾਂਹ ਨਹੀਂ ਤੁਰਨਾ, ਜਿਹੜੀਆਂ ਗੱਲਾਂ ਮੈਂ ਕਰਨੀਆਂ ਚਾਹੁੰਨਾ। ਸੋ ਇਸ ਨੂੰ ਵੀ ਪਾਸੇ ਕੀਤਾ। ਆਬਿਦਾ ਦਾ ਪਾਤਰ ਬਹੁਤ ਬਾਅਦ ਵਿਚ ਘੜਿਆ। ਇੰਜ ਲਿਖਦਿਆਂ ਬਹੁਤ ਕੁਝ ਛੁੱਟਦਾ, ਉਸਰਦਾ ਰਿਹਾ। ਇਹ ਸਾਰਾ ਕੁਝ ਇਸ 'ਚੋਂ ਨਿਕਲਿਆ ਕਿ ਗੱਲ ਬਿਹਤਰ ਢੰਗ ਨਾਲ ਕਹੀ ਜਾ ਸਕੇ। ਪੰਜਾਬ ਅੱਜ ਬੁੱਢਾ ਹੁੰਦਾ ਜਾ ਰਿਹਾ। ਜਵਾਨੀ ਚੜ੍ਹਦੇ ਹਰ ਮੁੰਡੇ ਕੁੜੀ ਦਾ ਸੁਪਨਾ ਪ੍ਰਵਾਸ ਹੈ। ਕੁਝ ਲੰਘ ਜਾਂਦੇ, ਬਾਕੀ ਇਸ ਲਾਲਸਾ 'ਚ ਭਟਕਦੇ। ਉਹਨਾਂ ਦੀਆਂ ਜੜ੍ਹਾਂ ਵੀ ਇਥੇ ਨਹੀਂ ਲਗਦੀਆਂ। ਬੁੱਢੇ ਮਾਂ-ਬਾਪ ਹੋਰ ਤਰ੍ਹਾਂ ਦੀ ਹੋਣੀ ਭੁਗਤਦੇ ਹਨ, ਬਾਹਰੋਂ ਬੱਚਿਆਂ ਦੇ ਫੋਨ ਉਡੀਕਦੇ। ਦੁਆਬੇ ਦੇ ਲੱਗਭੱਗ ਸਾਰੇ ਵੱਡੇ ਪਿੰਡਾਂ 'ਚ 'ਲਾਸ਼ਘਰ' ਹੋਂਦ 'ਚ ਆ ਚੁੱਕੇ ਹਨ। ਇਹ ਇਸ ਕਰਕੇ ਹਨ ਕਿ ਜਦੋਂ ਤੱਕ ਬੱਚੇ ਬਾਹਰੋਂ ਨਹੀਂ ਆ ਜਾਂਦੇ, ਲਾਸ਼ਾਂ ਨੂੰ ਸੰਭਾਲਿਆ ਜਾ ਸਕੇ; ਪਤਾ ਨਹੀਂ ਪੰਜ ਦਿਨ, ਦਸ ਦਿਨ ਜਾਂ ਪੰਦਰਾਂ ਦਿਨ।




ਸੰਤਾਲੀ 'ਚ ਲੋਕਾਂ ਨੂੰ ਜਬਰੀ ਆਪਣੇ ਘਰਾਂ ਤੋਂ ਵੱਖ ਹੋਣਾ ਪਿਆ। ਸਾਰੀ ਹਯਾਤੀ ਉਹ ਆਪਣੇ ਘਰਾਂ, ਪਿੰਡਾਂ, ਜੂਹਾਂ ਲਈ ਤਰਸਦੇ ਰਹੇ; ਹੋਰ ਨਹੀਂ ਤਾਂ ਮੁੜ ਦਰਸ਼ਨ ਕਰਨ ਲਈ ਹੀ! ਅੱਜ ਦੀ ਪੀੜ੍ਹੀ ਸਵੈ-ਇੱਛਾ ਨਾਲ ਬਾਹਰ ਜਾ ਰਹੀ ਹੈ। ਉਸ ਦਾ ਸੁਪਨਾ ਹੀ ਪਰਵਾਸ ਹੈ, ਜਦੋਂਕਿ ਦੁਖਾਂਤ ਪਿੱਛੇ ਮਾਪਿਆਂ ਦਾ ਬਣਦਾ। ਸੰਦਰਭ ਬਦਲ ਗਏ, ਪਰ ਦੁਖਾਂਤ ਜਾਰੀ ਹੈ।

ਲਿਖਣਾ ਸ਼ੁਰੂ ਕਰਨ ਤੋਂ ਪਹਿਲਾਂ ਇਹ ਵੱਡਾ ਸੁਆਲ ਸੀ, ਇਸ ਨੂੰ ਕਿਵੇਂ ਲਿਖਾਂ! ਜੇ ਉਹਨਾਂ ਪਾਤਰਾਂ ਨੂੰ ਲੈ ਕੇ ਕਥਾ ਬੁਣਦਾ ਸੀ, ਜਿਨ੍ਹਾਂ ਨੇ ਦਰਦ ਆਪਣੇ ਪਿੰਡੇ 'ਤੇ ਭੋਗਿਆ ਤਾਂ ਅਜਿਹਾ ਬਹੁਤ ਕੁਝ ਪਹਿਲਾਂ ਹੀ ਲਿਖਿਆ ਜਾ ਚੁੱਕਾ ਸੀ। ਇਹ ਵੀ ਸੀ ਕਿ ਸੰਤਾਲੀ ਨਾਲ ਜੁੜ ਕੇ ਜਿਹੜੀਆਂ ਗੱਲਾਂ ਪਿਛਲੇ ਸੱਤ ਦਹਾਕਿਆਂ ਦੌਰਾਨ ਸਾਹਮਣੇ ਆਈਆਂ, ਖ਼ਾਸ ਕਰਕੇ ਰਾਜਸੀ ਆਗੂਆਂ ਤੇ ਅੰਗਰੇਜ਼ਾਂ ਦੇ ਮਨਸ਼ੇ, ਉਹ ਨਿੱਠ ਕੇ ਨਹੀਂ ਸੀ ਕਰ ਸਕਦਾ। ਇਸ ਦੀ ਕਥਾ ਬੁਣਤੀ ਬਾਰੇ ਬਹੁਤ ਸਮਾਂ ਸੋਚਦਿਆਂ ਹੀ ਲੰਘ ਗਿਆ, ਨਾਲ ਹੀ ਦੁਖਾਂਤ ਦੀਆਂ ਹੋਰ ਜੜ੍ਹਾਂ ਜਾਣਨ ਲਈ ਯੂ-ਟਿਊਬ 'ਤੇ ਮੁਲਾਕਾਤਾਂ ਸੁਣਦਾ ਰਹਿੰਦਾ। ਇਸ 'ਚੋਂ ਹੀ ਮਨ 'ਚ ਉਪਜਿਆ ਕਿਉਂ ਨਾ ਅਜਿਹੇ ਪਾਤਰ ਘੜੇ ਜਾਣ, ਜਿਨ੍ਹਾਂ ਸਾਹਮਣੇ ਦੁਖਾਂਤ ਦੀ ਲੇਅਰ ਵੀ ਹੋਵੇ ਤੇ ਸਮਕਾਲ ਤੱਕ ਪੁੱਜਦੀ ਕੜੀ ਵੀ। ਲਹਿੰਦੇ ਪੰਜਾਬ 'ਚ ਗਏ ਮੁਸਲਮਾਨਾਂ ਦੇ ਦਰਦ ਨੂੰ ਪੇਸ਼ ਕਰਨ ਲਈ ਆਬਿਦਾ ਦਾ ਪਾਤਰ ਘੜਿਆ, ਜਿਹੜੀ ਕੈਨੇਡਾ ਰਿਸਰਚ-ਸਕਾਲਰ ਹੈ। ਲਿਖਦਿਆਂ ਨਾਲੋ-ਨਾਲ ਰੂਪ-ਰੇਖਾ ਬਣਦੀ, ਬਦਲਦੀ ਵੀ ਰਹੀ। ਬਹੁਤ ਸਾਰੇ ਸ਼ਰਨਾਰਥੀ ਜ਼ਿਕਰ ਕਰਦੇ ਸਾਡੇ ਕਾਫ਼ਲੇ ਫਲਾਣੇ ਥਾਂ ਮਹੀਨਾ ਰੁਕੇ ਰਹੇ, ਦੋ ਮਹੀਨੇ ਰੁਕੇ ਰਹੇ ਜਾਂ ਤਿੰਨ ਮਹੀਨੇ ਵੀ। ਖੋਜਬੀਣ ਕਰਦਿਆਂ ਸਮਝ ਆਇਆ ਉਦੋਂ ਬਹੁਤ ਮੀਂਹ ਪਏ, ਕਾਫੀ ਹੜ੍ਹ ਆਏ। ਇਹਨਾਂ ਨਾਲ ਕਈ ਥਾਵੀਂ ਸੜਕਾਂ ਰੁੜ੍ਹ ਗਈਆਂ, ਰੇਲਵੇ ਲਾਇਨਾਂ ਨੁਕਸਾਨੀਆਂ ਗਈਆਂ, ਇਸ ਕਰਕੇ ਆਵਾਜਾਈ ਮੁਕੰਮਲ ਰੁਕ ਗਈ ਸੀ। ਇਹ ਮੁਰੰਮਤ ਹੋਈਆਂ ਤਾਂ ਕਾਫ਼ਲੇ ਮੁੜ ਤੁਰੇ। ਕੈਂਪਾਂ 'ਚ ਭੁੱਖਮਰੀ, ਮੌਤਾਂ, ਬਿਮਾਰੀਆਂ ਦੇ ਦੁਖਾਂਤ ਨੂੰ ਚਿਤਰਦਿਆਂ ਇਹ ਗੱਲ ਵੀ ਲਿਆਂਦੀ ਹੈ।

ਨਾਵਲ ਵਿਚ ਮਿਆਣੀ-ਪਠਾਣਾਂ 'ਤੇ ਹਮਲੇ ਦਾ ਜ਼ਿਕਰ ਆਉਂਦਾ। ਮਿਆਣੀ ਪਿੰਡ ਪਠਾਣ ਜ਼ੈਲਦਾਰਾਂ ਦਾ ਤਕੜਾ ਪਿੰਡ ਸੀ। ਇਸ 'ਤੇ ਹਮਲਾ ਕਰਨ ਗਏ ਹਿੰਦੂ-ਸਿੱਖ ਧਾੜਵੀਆਂ ਨੂੰ ਮੂਹਰਿਓਂ ਪਠਾਣ ਪੈ ਨਿਕਲੇ ਤੇ ਪਿੱਛੇ ਵੇਈਂ 'ਚ ਹੜ੍ਹ ਆ ਗਿਆ। ਇਸ ਹੜ੍ਹ 'ਚ ਰੁੜ੍ਹ ਕੇ ਅਤੇ ਪਠਾਣਾਂ ਦੀ ਮਾਰ-ਵੱਢ 'ਚ ਛੇ ਸੌ ਤੋਂ ਵਧੇਰੇ ਹਿੰਦੂ-ਸਿੱਖ ਮਾਰੇ ਗਏ ਸਨ। ਇਸ ਘਟਨਾ ਨੂੰ ਲਿਖਣ ਤੋਂ ਪਹਿਲਾਂ ਮੈਂ ਮਿਆਣੀ, ਬੇਗੋਵਾਲ, ਪੁਲ-ਪੁਖਤਾ ਘੁੰਮ ਕੇ ਸਥਿਤੀ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਕਿ ਕਿਵੇਂ ਧਾੜਵੀਆਂ ਦਾ ਪਿਛਾਂਹ ਮੁੜਨ ਦਾ ਰਾਹ ਵੇਈਂ ਦੇ ਹੜ੍ਹ ਨੇ ਰੋਕ ਦਿੱਤਾ ਸੀ।

ਪੱਤਰਕਾਰਤਾ ਨੇ ਮੈਨੂੰ ਚੀਜ਼ਾਂ ਨੂੰ, ਉਨ੍ਹਾਂ ਦੇ ਸਹੀ ਪ੍ਰਸੰਗ 'ਚ ਗਹੁ ਨਾਲ ਵੇਖਣਾ, ਸਮਝਣਾ ਤੇ ਪੇਸ਼ ਕਰਨਾ ਸਿਖਾਇਆ ਹੈ। ਆਬਿਦਾ ਦੇ ਰਾਹੀਂ ਕੈਨਮੋਰ ਦਾ ਜਿਹੜਾ ਚਿਤਰਣ ਹੈ, ਉਹ ਪੱਤਰਕਾਰਤਾ ਦੇ ਅਨੁਭਵ ਕਰਕੇ ਹੀ ਹੋ ਸਕਿਆ। ਝੀਲਾਂ, ਚਸ਼ਮੇ, ਚੁਫ਼ੇਰੇ ਬਰਫ ਲੱਦੀਆਂ ਪਹਾੜੀਆਂ। ਇਕ ਪਿੰਡ, ਕਸਬਾ ਬਣਨ ਵੱਲ ਵਧਦਾ ਹੋਇਆ। ਦੂਸਰਾ ਪੱਤਰਕਾਰਤਾ ਨੇ ਇਹ ਵੀ ਸਿਖਾਇਆ ਕਿ ਜਿਵੇਂ ਮਹਿਸੂਸ ਕਰਦੇ ਹੋ, ਉਵੇਂ ਲਿਖੋ। ਬਿੰਬਾਂ, ਅਲੰਕਾਰਾਂ ਜਾਂ ਸ਼ਬਦਾਂ ਦੇ ਮੋਹ ਵਿਚ ਗੱਲ ਨਹੀਂ ਗੁਆਚਣੀ ਚਾਹੀਦੀ। ਇਹ ਗੱਲ ਹੈਮਿੰਗਵੇ ਤੋਂ ਵੀ ਸਿੱਖੀ ਕਿ ਆਪਣੀ ਗੱਲ ਕਿਵੇਂ ਸਾਦੇ ਤਰੀਕੇ ਨਾਲ ਕਰਨੀ। ਮੇਰੇ ਮਨ 'ਚ ਸਦਾ ਹੀ ਰਹਿੰਦਾ ਕਿ ਰਚਨਾ, ਖ਼ਾਸ ਕਰਕੇ ਨਾਵਲ ਆਪਣੇ ਸਮੇਂ, ਵਰਤਾਰਿਆਂ ਦੀ ਗਵਾਹੀ ਭਰ ਰਿਹਾ ਹੋਵੇ, ਜਿਵੇਂ ਤਾਲਸਤਾਏ ਦਾ 'ਅੰਨਾ ਕਾਰੇਨਿਨਾ' ਪੜ੍ਹ ਕੇ ਜ਼ਾਰਸ਼ਾਹੀ ਰੂਸ ਦੀ ਵੱਧ ਸਮਝ ਆਉਂਦੀ ਹੈ।

ਕਿਸੇ ਵੀ ਵਾਦ ਤੋਂ ਪਹਿਲਾਂ ਜ਼ਿੰਦਗੀ ਦੇ ਸਮਕਾਲੀ ਸੱਚ ਨੂੰ ਚਿਤਰਣ ਦੀ ਕੋਸ਼ਿਸ਼ ਕੀਤੀ ਹੈ। ਮੇਰੇ ਸਾਹਮਣੇ ਮਾਡਲ ਵਾਰਸ ਦੀ 'ਹੀਰ' ਹੈ, ਜਿਵੇਂ ਉਸ ਵਿਚ ਸਮਕਾਲ ਦਾ ਸੱਚ ਹੈ। ਕੋਈ ਵੀ ਵਿਚਾਰਧਾਰਾ ਜ਼ਿੰਦਗੀ ਨੂੰ ਢਕਦੀ ਨਹੀਂ ਹੋਣੀ ਚਾਹੀਦੀ। ਸੁਨੇਹਾ ਦੇਣਾ ਰਾਜਨੀਤਕ ਆਗੂਆਂ ਜਾਂ ਧਾਰਮਿਕ ਸੰਤਾਂ ਦਾ ਕੰਮ ਹੁੰਦਾ। ਮੈਂ ਸਮਝਦਾ, ਇਕ ਲੇਖਕ ਨੂੰ ਆਪਣੇ ਸ਼ਬਦਾਂ ਨੂੰ ਇੰਜ ਆਪਣੇ ਅੰਦਰ-ਬਾਹਰ ਨਾਲ ਇਕਮਿਕ ਕਰ ਲਿਖਣਾ ਚਾਹੀਦਾ, ਉਹ ਪਾਠਕ ਨੂੰ ਕੁਝ ਕਰਨ ਲਈ ਪ੍ਰੇਰਨ। ਉਸ ਅੰਦਰ ਕੁਝ ਕਰਨ ਦੀਆਂ ਤਰੰਗਾਂ ਫੁੱਟਣ। 'ਰਾਤ ਬਾਕੀ ਹੈ' ਦੇ ਚਰਨ ਵਾਂਗ ਉਹ ਪਾਠਕ ਦਾ ਸੁਪਨਾ ਬਣੇ ਜਾਂ ਅੰਮ੍ਰਿਤਾ ਦੇ 'ਪਿੰਜਰ' ਵਾਂਗ ਦਿਲ ਨੂੰ ਹਲੂਣੇ। ਲੇਖਕ ਦਾ ਸੁਨੇਹਾ ਉਸ ਦੇ ਸ਼ਬਦਾਂ 'ਚ ਹੁੰਦਾ ਹੈ, ਉਸ ਦੇ ਅਮਲ 'ਚ; ਉਸ ਦੇ ਜੀਊਣ ਦੇ ਸਲੀਕੇ ਵਿਚ ਵੀ। ਲਿਖਣ ਨੂੰ ਸਮਾਜਿਕ ਜ਼ਿੰਮੇਵਾਰੀ ਵਾਲਾ ਕੰਮ ਵੱਧ ਸਮਝਦਾ ਹਾਂ। ਹਰ ਸ਼ਬਦ ਜੋ ਲਿਖਦਾਂ, ਪੂਰੀ ਜ਼ਿੰਮੇਵਾਰੀ ਨਾਲ ਲਿਖਦਾਂ। ਉਂਜ ਇਸ ਵਿਚ ਸ਼ੌਕ ਵੀ ਰਲ ਗਿਆ ਹੋਇਆ। ਪੰਜ ਸਾਲ ਪਹਿਲਾਂ 'ਨਵਾਂ ਜ਼ਮਾਨਾ' ਛੱਡਿਆ ਹੀ ਸਿਰਫ਼ ਇਸ ਲਈ ਸੀ ਕਿ ਸਾਹਿਤ ਦੇ ਖੇਤਰ 'ਚ ਨਿੱਠ ਕੇ ਕੰਮ ਕਰਨਾ ਹੈ। ਸਵੇਰੇ ਛੇ ਵਜੇ ਉੱਠਣਾ ਮੇਰਾ ਪੱਕਾ ਰੁਟੀਨ ਹੈ। ਉੱਠ ਕੇ ਆਪਣੇ ਲਈ ਚਾਹ ਦਾ ਕੱਪ ਬਣਾਉਣਾ ਤੇ ਪੜ੍ਹਨ-ਲਿਖਣ 'ਚ ਰੁੱਝ ਜਾਣਾ, ਇਹ ਹੀ ਹੁਣ ਜ਼ਿੰਦਗੀ ਹੈ!

ਸੰਪਰਕ : 95309-44345



ਸ੍ਰੀ ਬਰਜ ਢਾਹਾਂ ਤੇ ਗੁਰਜਿੰਦਰ ਬਸਰਾ ਤੋਂ ਢਾਹਾਂ ਐਵਾਰਡ ਪ੍ਰਾਪਤ ਕਰਦੇ ਹੋਏ।